ਜੁਲਾਈ 2010

# ਅੰਮ੍ਰਿਤ ਕੀਰਤਨ



ਮਃ ੫ ॥

ਨਾਨਕ ਬਿਜੁਲੀਆ ਚਮਕੰਨਿ
ਘੁਰਨ੍ਹਿ ਘਟਾ ਅਤਿ ਕਾਲੀਆ ॥

O Nanak, the lightning flashes, and thunder echoes in the dark black clouds.

ਬਰਸਨਿ ਮੇਘ ਅਪਾਰ ਨਾਨਕ
ਸੰਗਮਿ ਪਿਰੀ ਸੁਹੰਦੀਆ ॥੨॥

The downpour from the clouds is heavy; O Nanak, the soul-brides are exalted and embellished with their Beloved. ||2||

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਦਰਸ਼ਨਾਂ ਦੀ ਤਾਂਘ



ਦੱਸੀਂ ਦੱਸੀਂ ਐ ਖੜੇ ਅਸਮਾਨ ਸਿਰ ਤੇ,
ਕੱਦ ਤੱਕ ਏਸ ਸਿਰ ਤੇ ਤੂਫ਼ਾਨ ਰਹਿਸੀ।

ਕੱਦ ਤੱਕ ਇਹ ਬ੍ਰਿਹਾ ਦਾ ਤੀਰ ਸੀਨਾਂ
ਮਾਹੀ ਚਾਕ ਬਿਨ ਰਖੀ ਨਿਸ਼ਾਨ ਰਹਿਸੀ।

ਕਦ ਤਕ ਏ ਯਾਰ ਦੇ ਵਸਲ ਕਾਰਨ,
ਚੀਕਦੀ ਬੁੱਲ੍ਹਾਂ ਦਾਸਤਾਨ ਰਹਿਸੀ।

ਕਦ ਤਕ ਏ ਮਾਹੀ ਦੀਦਾਰ ਬਾਝੋਂ,
ਮੇਰੇ ਪ੍ਰੀਤਮਾਂ ਤੜਫਦੀ ਜਾਨ ਰਹਿਸੀ।

ਉਧਰੋਂ ਫਾੜ ਸੀਨਾ ਚਾਕ ਚਾਕ ਕਰਕੇ,
ਫੱਟ ਵੇਖ ਲੈ ਸੀਨੇ ਜੁਦਾਈਆਂ ਦੇ।

ਆਖਾਂ ਪ੍ਰੀਤਮਾਂ ਮੈਨੂੰ ਦੀਦਾਰ ਦੇ ਜਾ,
ਕੂੰਕਾਂ ਸੁਣ ਲੈ ਠੰਢੀਆਂ ਆਹੀਆਂ ਦੇ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ.
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-277266●, ●9814● 5363●
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਮਿਤ੍ਰ ਅਸਾਡੜੇ ਸੇਈ 4

ਕਰਉ ਬੇਨੰਤੀਆ - ਸੰਪਾਦਕੀ 5

ਭਲੋ ਭਲੋ ਰੇ ਕੀਰਤਨੀਆ 6
ਕਰਮ ਸਿੰਘ ਰਤਨ

ਗਾਵਨਹਾਰੀ ਗਾਵੈ ਗੀਤ 9
ਕਰਤਾਰ ਸਿੰਘ ਨੀਲਧਾਰੀ

ਭਾਈ ਚਾਂਦ - ਇਕ ਸ਼ਰਧਾਂਜਲੀ
ਤ੍ਰਿਲੋਕ ਚੰਦ ਨਾਗਪਾਲ 12

ਸਪਤਕ
ਰਵਿੰਦਰ ਕੌਰ 14

**Sikh-Sacred Music: An Introduction:**
**(Dr.Kanwaljit Singh) 20**

ਸੁਰ ਲਿਪੀ - ਰਾਗ ਕਾਨੜਾ (ਨਾਇਕੀ ਕਾਨੜਾ),
ਹਰਭਜਨ ਸਿੰਘ 24


**Please forward your e-mail id at drjagirsingh@gmail.com**

## ✉ ਮਿਤ੍ਰ ਅਸਾਡੜੇ ਸੇਈ

Thank you for sharing. I had heard this shabad from you and the love you have poured into it is like nectar for the soul. I also visit your website to listen to your recitations-these are a part of our life.Your inspiring SMSs are also received by me occasionally. Hope you are well and so is the family.I have restarted my music lessons now with the Grace of God and am enjoying learning this beautiful science. Fond regards **neenappsingh@gmail.com**

Excellent job done. A website of such status was very much needed. Any body who knows this, I am sure , shall start his / her day with this website. May Wahegueu bless us all ! **cbsingh@globalindiasoftware.com**

Kirtan with meaning/ translation will be of use for this and future generations. We do listen to Gurbani Kirtan but do not know the meanings; and what is conveyed. For those majority living out of Punjab, please help us/ our generation, next generation, living out of Punjab for the last two to three decades or more. **sps.chy@rediffmail.com**

I am of the opinion that singers of Gurbani Keertan even at the Five Takhats lack the opportunities, or motivation or incentives to upgrade their skills beyond their current levels of competencies as Keertanias. They appear content with the levels of their skills. I want to explore with you the following idea:Can we start a Center which teaches Keertan at higher levels? The center would draw talented Keertanias, on merit and a competitive basis, to come to the Center to upgrade their skills. What would be the financial requirement, among other logistics, to start such a Center. Please give some thought to the above idea and let me have your response. Thank you. Amarjit Singh Bal

amarjitbal2000@yahoo.com



# ਸ਼ਾਇਦ ਇਹ ਲੋਭ ਨਹੀਂ

ਗੁਰਬਾਣੀ ਵਿੱਚ ਕੀਰਤਨੀਏ ਦੇ ਗੁਣਾਂ ਬਾਰੇ ਵਿਵਰਣ ਦਿੰਦਿਆਂ ਇਹ ਆਖਿਆ ਗਿਆ ਹੈ ਕਿ ਕੀਰਤਨੀਆਂ ਮਾਇਆ ਦੇ ਲੋਭ ਵਿੱਚ ਨਹੀਂ ਫਸਦਾ। ਪਰ ਕਈ ਵਾਰੀ ਸਾਨੂੰ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਲਈ ਮਾਇਆ ਕਮਾਉਣ ਨੂੰ ਵੀ ਲੋਭ ਦਾ ਨਾਂ ਦੇ ਦਿੰਦੇ ਹਾਂ। ਇਸ ਕਾਰਨ ਕੀਰਤਨੀਏ ਦਾ ਪਰਿਵਾਰ ਕੰਗਾਲੀ ਵਿੱਚ ਫਸ ਜਾਂਦਾ ਹੈ। ਅਗੋਂ ਕੋਈ ਕੀਰਤਨੀਆਂ ਆਪਣੀ ਔਲਾਦ ਨੂੰ ਕੀਰਤਨੀਆਂ ਬਣਨ ਦੀ ਪ੍ਰੇਰਨਾਂ ਨਹੀਂ ਦਿੰਦਾ।

ਇਸ ਬਾਰੇ ਕੁਝ ਅਸਲੀ ਘਟਨਾਵਾਂ ਫਿਰ ਕਦੀ ਦੱਸਾਂਗੇ, ਹੁਣ ਤਾਂ ਇਹ ਜਾਣਦੇ ਹਾਂ ਕਿ ਕਿਤਨੀ ਕੁ ਮਾਇਆ ਲੋਭ ਨਹੀਂ ਹੈ। ਗੁਰਬਾਣੀ ਵਿੱਚ ਇਸ ਬਾਰੇ ਦੋ ਸ਼ਬਦਾਂ ਨੂੰ ਹੀ ਵਾਚਣਾ ਕਾਫੀ ਹੋਵੇਗਾ। ਇੱਕ ਸ਼ਬਦ ਭਗਤ ਕਬੀਰ ਜੀ ਦਾ ਹੈ ਅਤੇ ਦੂਜਾ ਸ਼ਬਦ ਭਗਤ ਧੰਨਾ ਜੀ ਦਾ-

ਰਾਗੁ ਸੋਰਠਿ ॥
ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥
ਹਉ ਮਾਂਗਉ ਸੰਤਨ ਰੇਨਾ ॥ ਮੈ ਨਾਹੀ ਕਿਸੀ ਕਾ ਦੇਨਾ ॥੧॥
ਮਾਧੋ ਕੈਸੀ ਬਨੈ ਤੁਮ ਸੰਗੇ ॥ ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥
ਦੁਇ ਸੇਰ ਮਾਂਗਉ ਚੂਨਾ॥ ਪਾਉ ਘੀਉ ਸੰਗਿ ਲੂਨਾ ॥
ਅਧ ਸੇਰੁ ਮਾਂਗਉ ਦਾਲੇ ॥ ਮੋ ਕਉ ਦੋਨਉ ਵਖਤ ਜਿਵਾਲੇ ॥੨॥
ਖਾਟ ਮਾਂਗਉ ਚਉਪਾਈ ॥ ਸਿਰਹਾਨਾ ਅਵਰ ਤੁਲਾਈ ॥
ਊਪਰ ਕਉ ਮਾਂਗਉ ਖੀਂਧਾ ॥ ਤੇਰੀ ਭਗਤਿ ਕਰੈ ਜਨੁ ਥੀਂਦਾ ॥੩॥
ਮੈ ਨਾਹੀ ਕੀਤਾ ਲਬੋ ॥ ਇਕੁ ਨਾਉ ਤੇਰਾ ਮੈ ਫਬੋ ॥੪॥
ਕਹਿ ਕਬੀਰ ਮਨੁ ਮਾਨਿਆ ॥ ਮਨੁ ਮਾਨਿਆ ਤਉ ਹਰਿ ਜਾਨਿਆ (੬੫੬)

ਧੰਨਾ ॥ ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥
ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥
ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥ (੬੯੫)

ਸੋ ਇਹਨਾਂ ਭਗਤਾਂ ਵਾਂਗ ਕੀਰਤਨੀਏ ਨੂੰ ਵੀ ਹਰ ਰੋਜ਼ ਘਟੋ ਘਟ ਦੋ ਸੇਰ ਆਟਾ, ਇੱਕ ਪਾ ਘਿਓ, ਲੂਣ, ਅੱਧਾ ਸੇਰ ਦਾਲ, ਇੱਕ ਮੰਜੀ, ਸਿਰਹਾਣਾ, ਕੰਬਲ, ਲਵੇਰੀ ਗਾਂ ਜਾਂ ਮੱਝ, ਘੋੜੀ ਅਤੇ ਇੱਕ ਚੰਗੀ ਪਤਨੀ ਚਾਹੀਦੀ ਹੈ। ਇਸ ਹਿਸਾਬ ਨਾਲ ਸਾਨੂੰ ਆਪ ਹੀ ਅਨੁਮਾਨ ਲਾਉਣਾ ਚਾਹੀਦਾ ਹੈ। ਕੀਰਤਨੀਏ ਦਾ ਕਿਤਨੀ ਮਾਇਆ ਚਾਹੀਦੀ ਹੈ। ਬਾਕੀ ਤੁਸੀਂ ਆਪ ਸਿਆਣੇ ਹੋ ---।

# ਭਲੋ ਭਲੋ ਰੇ ਕੀਰਤਨੀਆ

## ਕਰਮ ਸਿੰਘ ਰਤਨ

ਅਰਬਦ ਨਰਬਦ ਧੁਧੂੰਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰ।। ਨਾ ਦਿਨੁ ਰੈਨਿ ਨ ਚੰਦ ਨ ਸੂਰਜ ਸੁੰਨ ਸਮਾਧਿ ਲਗਾਇਦਾ।। (ਮਾਰੂ ਮਹਲਾ ੧, ਪੰਨਾ 1035) ਜਦੋਂ ਸਭ ਪਾਸੇ ਅੰਧੇਰਾ ਹੀ ਅੰਧੇਰਾ ਸੀ, ਅਤੇ ਧੁਧੂੰਕਾਰਾ ਅਰਥਾਤ ਧੁੰਧ ਹੀ ਧੁੰਧ ਸੀ, ਅਤੇ ਨਾ ਇਹ ਧਰਤੀ ਸੀ, ਨਾ ਗਗਨ (ਆਕਾਸ਼) ਸੀ, ਨਾ ਸੂਰਜ ਜੀ, ਨਾ ਹੀ ਚੰਦਰਮਾ ਸੀ, ਨਾ ਦਿਨ ਸੀ, ਤੇ ਨਾ ਹੀ ਰਾਤ ਸੀ, ਨਾ ਪਾਣੀ ਸੀ, ਨਾ ਨਦੀ ਸੀ, ਨਾ ਸਮੁੰਦਰ ਸੀ।

ਐਸੀ ਧੁੰਧ ਅੰਧੇਰੇ ਵਿਚੋਂ ਇਕ ਛੋਟਾ ਜਿਹਾ ਰੌਸ਼ਨੀ ਦਾ ਇਕ ਬਿੰਦੂ ਪੈਦਾ ਹੋ ਗਿਆ ਅਤੇ ਉਹ ਵੱਡਾ ਹੋਣਾ ਸ਼ੁਰੂ ਹੋ ਗਿਆ ਅਤੇ ਵੱਡਾ ਹੁੰਦਾ ਹੁੰਦਾ ਉਹ ਜ਼ੋਰ ਦੀ ਇਕ ਗੋਲੇ ਵਾਂਗ ਫਟ ਗਿਆ। ਜਿਸ ਵਿਚੋਂ ਬਹੁਤ ਜ਼ੋਰ ਦਾ ਜ਼ਬਰ ਦਸਤ ਧਮਾਕਾ ਹੋਇਆ, ਉਹ ਜੋ ਆਵਾਜ਼ ਪੈਦਾ ਹੋਈ, ਉਸ ਦਾ ਨਾਮ ਹੈ ਸ਼ਬਦ ਅਤੇ ਸ਼ਬਦ ਦਾ ਦੂਜਾ ਨਾਮ ਹੈ (ਨਾਦ) ਅਤੇ ਨਾਦ ਦਾ ਅਰਥ ਹੈ ਆਵਾਜ਼, ਉਸ ਧਮਾਕੇ ਵਿਚੋਂ ਹੀ ਇਹ ਸੂਰਜ ਪੈਦਾ ਹੋਇਆ, ਇਕ ਨਹੀਂ ਬਲਕਿ ਅਨੰਤ ਸੂਰਜ ਪੈਦਾ ਹੋ ਗਏ, ਜੋ ਕਿ ਗਿਣੇ ਨਹੀਂ ਜਾਂਦੇ। (ਕੋਟਿ ਸੂਰ ਜਾ ਕੇ ਪਰਗਾਸ, ਪੰਨਾ 1162) ਅਤੇ ਇਹ ਜੋ ਸੂਰਜ ਸਾਨੂੰ ਨਜ਼ਰ ਆਉਂਦਾ ਹੈ, ਇਸ ਦੇ ਵਿਚੋਂ ਕਈ ਚੰਦਰਮਾ ਤੇ ਤਾਰੇ ਅਤੇ ਅਨੇਕਾ ਗ੍ਰਹਿ ਤੇ ਸਾਡੀ ਪ੍ਰਿਥਵੀ ਬਣ ਗਈ ਅਤੇ ਜੋ ਆਵਾਜ਼ ਉਸ ਧੁੰਧ ਵਿਚੋਂ ਪ੍ਰਗਟ ਹੋਈ, ਉਸ ਦੇ ਬੋਲ ਸਨ (੧ ਇਕ ਓਅੰਕਾਰ) ਪ੍ਰਣਵੋ ਆਦਿ ਏਕੰਕਾਰਾ। ਜਲ ਥਲ ਮਹੀਅਲ ਕੀਓ ਪਸਾਰਾ) (ਅਕਾਲ ਉਸਤਤ ਪਾ: ੧੦) ਉਸੇ ਦਾ ਨਾਮ ਹੈ ਨਾਦ।

ਈਸ਼ਵਰ ਪ੍ਰਮਾਤਮਾ ਦੇ ਦੋ ਰੂਪ ਹਨ, ਇਕ ਨਿਰਗੁਨ ਤੇ ਇਕ ਸਰਗੁਨ, ਨਿਰਗੁਣ ਰੂਪ ਉਹ ਹੈ ਕਿ ਅਸੀਂ ਸੁਣਿਆ ਹੈ ਕਿ ਈਸ਼ਵਰ ਪ੍ਰਮਾਤਮਾ ਰੱਬ ਹੈ ਪਰ ਅੱਖਾਂ ਨਾਲ ਨਹੀਂ ਦੇਖਿਆ। ਜਿਸ ਤਰ੍ਹਾਂ ਕਿਸੇ ਦਾ ਨਾਮ ਸਾਨੂੰ ਯਾਦ ਹੋਵੇ, ਪਰ ਉਹ ਵਿਅਕਤੀ ਸਾਡੇ ਪਾਸ ਨਾ ਹੋਵੇ, ਉਸ ਨੂੰ ਅਸੀਂ ਅੱਖਾਂ ਨਾਲ ਦੇਖ ਨਾ ਸਕੀਏ, ਉਸ ਨੂੰ ਕਹਿੰਦੇ ਹਨ ਨਿਰਗੁਣ ਰੂਪ ਅਤੇ ਸਰਗੁਣ ਸਰੂਪ ਉਹ ਹੈ ਜਿਸ ਨੂੰ ਸਾਹਮਣੇ ਅੱਖਾਂ ਨਾਲ ਦੇਖ ਲੈਣਾ ਅਤੇ ਕੰਨਾਂ ਨਾਲ ਸੁਣ ਲੈਣਾ, ਹੱਥਾਂ ਨਾਲ ਸਪਰਸ਼ ਕਰ ਲੈਣਾ, ਉਸ ਨਾਲ ਗੱਲਾਂ ਕਰ ਲੈਣੀਆਂ, ਇਸ ਨੂੰ ਕਹਿੰਦੇ ਹਨ (ਸਰਗੁਣ ਸਰੂਪ) ਅਤੇ ਈਸ਼ਵਰ ਦਾ, ਰੱਬ ਦਾ ਸਰਗੁਣ ਸਰੂਪ ਹੈ (ਨਾਦ) ਸ਼ਬਦ ਹੈ, ਜਿਸ ਨੂੰ ਅਸੀਂ ਸੁਣ ਵੀ ਸਕਦੇ ਹਾਂ, ਅਤੇ ਦੇਖ ਵੀ ਸਕਦੇ ਹਾਂ। ਸੰਗੀਤ ਆਚਾਰੀਆ ਬੈਜੂ ਬਾਵਰਾ ਜੀ ਨੇ ਇਕ ਪੰਗਤੀ ਲਿਖੀ ਹੈ (ਪ੍ਰਿਥਮੇ ਆਦਿ ਨਾਦਿ ਸ਼ਿਵ ਸ਼ਕਤੀ ਪ੍ਰਮੇਸ਼ਵਰ) ਅਰਥਾਤ ਸਵਰ ਹੀ ਪਰਮੇਸ਼ਰ ਹੈ ਜੋ ਆਦਿ ਤੋਂ ਪਰਮੇਸ਼ਵਰ ਦੀ ਸ਼ਕਤੀ ਵਿਚ ਪ੍ਰਗਟ ਹੋਇਆ।

ਸੰਗੀਤ ਰਤਨਾਕਾਰ ਗ੍ਰੰਥ ਵਿਚ ਇਕ ਸਲੋਕ ਇਸ ਤਰ੍ਹਾਂ ਹੈ (ਚੈਤਨਸ ਸਰਵ ਭੂਤਾਨਾਮ ਵਿਵ੍ਰਤ ਜਗਦਾਤਮਨਹ)। ਨਾਦ ਬ੍ਰਹਮ ਤਦਾਨਨੰਦ ਪਾਦ੍ਵਿਤੀਯ ਮਪਾਸਮਹ) ਅਰਥਾਤ੍ ਨਾਦ ਹੀ ਸ਼ਬਦ, ਆਵਾਜ਼ ਆਪੇ ਹੀ ਪੈਦਾ ਹੋਣ ਵਾਲੀ ਹਸਤੀ ਹੈ, ਨਾਦ ਹੀ ਭੂਤਨਾਮ ਹੈ, ਨਾਮ ਹੀ ਬ੍ਰਹਮ ਹੈ, ਨਾਦ ਹੀ ਜਗਦਾਤਾ ਹੈ, ਅਤੇ ਨਾਦ ਹੀ ਪੈਦਾ ਕਰਨ ਵਾਲਾ ਹੈ, ਨਾਦ ਹੀ ਲੈਅ (ਖਤਮ) ਕਰਨ ਵਾਲਾ ਹੈ।

ਨਾਦ ਬਿਨੋਦ ਸੰਗੀਤ ਗ੍ਰੰਥ ਵਿਚ ਲਿਖਿਆ ਹੈ ਕਿ ਜਿਸ ਸਮੇਂ ਸਰਬ ਵਿਆਪੀ ਅਤੇ ਇੱਛਾਕਾਰੀ ਤੋਂ ਸਿਵਾਏ ਹੋਰ ਕੋਈ ਨਹੀਂ ਸੀ, ਉਸ ਸਮੇਂ ਸੰਸਾਰ ਉਤਪਨ ਦੀ ਇੱਛਾ ਕਰਕੇ ਆਦਿ ਸ਼ੁਰੂ ਵਿਚ (੧ ਓਅੰਕਾਰ) ਦਾ ਉਚਾਰਣ ਹੋਇਆ, ਉਸੇ ਵਿਚੋਂ ਸੱਤ ਸੁਰ ਸੱਤ ਸ਼ਬਦ ਪੈਦਾ ਹੋਏ, ਉਹ ਸਤ ਸ਼ਬਦ ਏਹ ਸਨ:

ਸਾ ਰੇ ਗਾ ਮਾ ਪਾ ਧਾ ਨੀ
ਇ ਕ ਓ ਅੰ ਕਾ – ਰ

ਅਤੇ ਇਹਨਾਂ ਸੱਤ ਸੁਰਾਂ ਸਤ ਸ਼ਬਦਾਂ ਦੀ ਆਵਾਜ਼ ਸਾਰੇ ਬ੍ਰਹਿਮੰਡ ਵਿਚ ਫੈਲ ਗਈ, ਇਕ ਤੋਂ ਅਨੇਕ ਹੋ ਕੇ ਸ਼ਕਤੀ ਦਾ ਪ੍ਰਕਾਸ਼ ਹੋਇਆ।

ਇਸੇ ਹੀ ਸਵਰ ਰੂਪ ਪਰਮਾਤਮਾ ਦਾ ਵਰਣਨ ਕੀਤਾ ਹੈ, ਗੁਰੂ ਅਰਜਨ ਦੇਵ ਜੀ ਨੇ ਰਾਗ ਰਾਮਕਲੀ ਵਿਚ (ਪੰਨਾ 885 ਤੇ)

ਓਅੰਕਾਰਿ ਏਕ ਧੁਨਿ ਏਕੈ, ਏਕੈ ਰਾਗੁ ਅਲਾਪੈ।

ਏਕਾ ਦਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ। ਏਕਾ ਸੁਰਤਿ ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ। ।੧। ।

ਭਲੋ ਭਲੋ ਰੇ ਕੀਰਤਨੀਆ। ਰਾਮ ਰਮਾ ਰਾਮਾ ਗੁਨ ਗਾਉ। ਛੋਡਿ ਮਾਇਆ ਕੇ ਧੰਧ ਸੁਆਉ । । ੧ । । ਰਹਾਉ । । ਪੰਚ ਬਜਿਤ੍ਰ ਕਰੇ ਸੰਤੋਖਾ, ਸਾਤ ਸੁਰਾ ਲੈ ਚਾਲੈ। ਬਾਜਾ ਮਾਣੁ ਤਾਣੁ ਤਜਿ ਤਾਨਾ, ਪਾਉ ਨ ਬੀਗਾ ਘਾਲੈ। ਫੇਰੀ ਫੇਰੁ ਨ ਹੋਵੈ ਕਬਹੀ, ਏਕੁ ਸਬਦੁ ਬੰਧਿ ਪਾਲੈ।੨।ਨਾਰਦੀ ਨਰਹਰ ਜਾਣਿ ਹਦੂਰੇ।ਘੂੰਘਰ ਖੜਕੁ ਤਿਆਗਿ ਵਿਸੂਰੇ।ਸਹਜ ਅਨੰਦ ਦਿਖਾਵੈ ਭਾਵੈ।ਏਹੁ ਨਿਰਤਿ ਕਾਰੀ ਜਨਮਿ ਨ ਆਵੈ।੩।ਜੇ ਕੋ ਅਪਨੇ ਠਾਕੁਰ ਭਾਵੈ। ਕੋਟ ਮਧਿ ਏਹੁ ਕੀਰਤਨ ਗਾਵੈ। ਸਾਧ ਸੰਗਤਿ ਕੀ ਜਾਵਉ ਟੇਕ। ਕਹੁ ਨਾਨਕ ਤਿਸੁ ਕੀਰਤਨ ਏਕ। ।੪। ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਇਹ ਪਾਵਨ ਪਵਿਤ੍ਰ ਮਹਾਂਵਾਕ, ਪ੍ਰਮਾਤਮਾ ਈਸ਼ਵਰ ਦੇ ਪ੍ਰਤੱਖ ਦਰਸ਼ਨ ਕਰਨ ਦਾ ਢੰਗ ਦਰਸਾਉਂਦਾ ਹੈ ਕਿ ਹੇ ਇਨਸਾਨ ਜੇ ਕਰ ਤੂੰ ਈਸ਼ਵਰ ਦੇ ਪ੍ਰਤੱਖ ਦਰਸ਼ਨ ਕਰਨੇ ਚਾਹੁੰਦਾ ਹੈ ਤਾਂ ਉਸ ਵਾਹਿਗੁਰੂ ਪ੍ਰਮਾਤਮਾ ਦੀ ਉਸਤਤੀ ਗਾ, ਉਸਤਤਿ ਕਰ, ਅਤੇ ਉਸ ਦੇ ਗੁਣਾਂ ਦਾ ਗਾਇਨ ਕਰ, ਉਸ ਦਾ ਜੱਸ ਗਾ, ਉਸ ਦੀ ਕੀਰਤੀ ਗਾ। ਉਸ ਦਾ ਕੀਰਤਨ ਗਾ।(ਭਲੋ ਭਲੋ ਰੇ ਕੀਰਤਨੀਆ) ਹੇ ਕੀਰਤਨੀਏ ਪ੍ਰਭੂ ਦੇ ਗੁਣ ਗਾ, ਤੇਰਾ ਭਲਾ ਹੋਵੇ, ਤੇਰਾ ਭਲਾ ਹੋਵੇ, ਕਿਉਂਕਿ ਰਾਮ ਰਮਾ ਰਾਮਾ ਗੁਨ ਗਾਉ) ਛੋਡਿ ਮਾਇਆ ਕੇ ਧੰਧ ਸੁਆਉ।ਜੋ ਰਾਮ ਦੇ ਵਿਚ ਰਮਿਆ ਹੋਇਆ ਹੈ, ਉਸ ਰਾਮ ਦੇ ਗੁਣ ਗਾ ਅਤੇ ਮਾਇਆ ਦੇ ਸਭ ਧੰਧੇ ਛੱਡ ਕੇ ਉਸ ਦੇ ਗੁਣ ਗਾ, ਤੇਰਾ ਭਲਾ ਹੋਵੇਗਾ।

ਜੱਸ ਕਿਸ ਦਾ ਗਾਉਣਾ ਹੈ (ਓਅੰਕਾਰਿ ਏਕ ਧੁਨਿ ਏਕੈ, ਏਕੈ ਰਾਗ ਅਲਾਪੈ) ਉਸੇ ਓਅੰਕਾਰ ਦੇ ਗੁਣ ਗਾਣੇ ਹਨ, ਜਿਸ ਦਾ ਨਾਮ ਸਤਿਨਾਮ ਹੈ, ਅਤੇ ਜੋ ਸਭ ਸ੍ਰਿਸ਼ਟੀ ਦਾ ਕਰਤਾ ਹੈ, ਰਚਨਹਾਰ ਹੈ। ਸ੍ਰਿਸ਼ਟੀ ਨੂੰ ਬਨਾਉਣ ਵਾਲਾ ਪੁਰਖ (ਪੁਰਸ਼) ਹੈ।ਉਹ ਨਿਰਭਉ ਹੈ, ਕਿਸੇ ਤੋਂ ਡਰਦਾ ਨਹੀਂ, ਉਸ ਨੂੰ ਕਿਸੇ ਦਾ ਭਉ ਨਹੀ ਅਤੇ ਉਹ ਨਿਰਵੈਰ ਹੈ, ਕਿਉਂਕਿ ਸ੍ਰਿਸ਼ਟੀ ਉਸ ਨੇ ਆਪ ਬਣਾਈ ਹੈ, ਇਸ ਲਈ ਉਸ ਦਾ ਕਿਸੇ ਨਾਲ ਵੀ ਵੈਰ ਨਹੀਂ ਅਤੇ ਉਹ ਐਸੀ ਮੂਰਤੀ ਹੈ ਜੋ ਕੇ ਕਦੇ ਵੀ ਟੁੱਟਦੀ ਨਹੀਂ ਜੋ ਕਿ ਅਕਾਲ ਹੈ, ਉਹ ਸਮੇਂ ਵਿਚ ਨਹੀਂ, ਉਸ ਦੀ ਮ੍ਰਿਤੂ ਨਹੀਂ ਹੁੰਦੀ ਅਤੇ ਉਹ ਅਜੂਨੀ ਹੈ, ਉਹ ਨਾ ਮਰਦਾ ਤੇ ਨਾ ਜੰਮਦਾ ਹੈ, ਸਤਿਗੁਰੂ ਫੁਰਮਾਂਦੇ ਹਨ (ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ) (ਭੈਰਉ ਮ: 5 ਪੰਨਾ 1136) ਇਸ ਲਈ ਉਹ ਜੂਨ ਤੋਂ ਵੀ ਰਹਿਤ ਹੈ; ਅਜੂਨੀ ਹੈ, ਉਹ ਸੈਭੰ ਹੈ, ਉਹ ਸੁੱਤੇ ਪ੍ਰਕਾਸ਼ ਹੈ, ਉਹ ਆਪੇ ਹੀ ਪ੍ਰਗਟ ਹੋ ਜਾਂਦਾ ਹੈ, ਉਸ ਨੂੰ ਕੋਈ ਪੈਦਾ ਕਰਨ ਵਾਲਾ ਈ, ਉਹ ਜਦੋਂ ਚਾਹਵੇ ਆਪੇ ਹੀ ਪ੍ਰਗਟ ਹੋ ਸਕਦਾ ਹੈ ਅਤੇ ਜਦੋਂ ਚਾਹਵੇ ਆਪਣੇ ਆਪ ਨੂੰ ਅਲੋਪ ਕਰ ਲੈਂਦਾ ਹੈ ਅਤੇ ਓਅੰਕਾਰ, ਗੁਰੂ ਦੀ ਕਿਰਪਾ ਦੁਆਰਾ (ਗੁਰ ਪ੍ਰਸ਼ਾਦਿ) ਹੀ ਮਿਲ ਸਕਦਾ ਹੈ, ਜਦੋਂ ਗੁਰ ਪ੍ਰਸਾਦਿ, ਗੁਰੂ ਦੀ ਕ੍ਰਿਪਾ ਤੇਰੇ ਤੇ ਹੋ ਜਾਏਗੀ, ਤਾਂ ਉਹ ੧ਓਅੰਕਾਰ ਪ੍ਰਭੂ ਦੇ ਦਰਸ਼ਨ ਤੈਨੂੰ ਹੋ ਜਾਣਗੇ।

ਇਸ ਲਈ ਹੇ ਪ੍ਰਾਣੀ ਉਹ ਜੋ ਓਅੰਕਾਰ ਹੈ, ਤੇ ਇਕ ਹੈ, ਉਸ ਦੀ ਜੋ ਇਕੋ ਧੁਨ ਹੈ, ਉਸ ਨੂੰ ਸੁਣ ਤੇ ਉਸ ਇਕ ਦੀ ਧੁਨ ਦਾ ਰਾਗ ਅਲਾਪ, ਉਹ ਆਵਾਜ਼ ਜੋ ਸੱਚ ਦੇ ਅਤੇ ਸੁਰਾਂ ਦੇ ਭੰਡਾਰ, ਸੁਰਾਂ ਦੇ ਖਜ਼ਾਨੇ ਚੋਂ ਆ ਰਹੀ ਹੈ, ਉਸੇ ਹੀ ਧੁਨ ਨੂੰ ਤੂੰ ਅਲਾਪਣਾ ਹੈ, ਜੋ ਰੱਬੀ ਕੀਰਤਨੀਆ ਹੈ, ਉਹ ਇਕੋ ਵਾਹਿਗੁਰੂ ਦੀ ਧੁਨੀ ਅਲਾਪਦਾ ਹੈ (ਏਕਾ ਦੇਸੀ ਏਕੁ ਏਕੁ ਦਿਖਾਵੈ, ਏਕੋ ਰਹਿਆ ਬਿਆਪੈ) ਇਕ ਵਾਹਿਗੁਰੂ ਦੇ ਦੇਸ ਰਹਿਣ ਵਾਲਾ ਹੋਵੇ ਅਤੇ ਜੋ ਵਿਆਪਕ ਹੈ, ਉਸ ਨੂੰ ਦੇਖੇ ਤੇ ਦਰਸ਼ਨ ਕਰਾਵੇ (ਏਕਾ ਸੁਰਤਿ ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ) ਉਸ ਦੀ ਸੁਰਤੀ ਇਕ ਹੋਵੇ, ਸੇਵਾ ਵੀ ਇਕ ਹੋਵੇ, ਜੋ ਇਕੋ ਹਰੀ ਗੁਰੂ ਤੋਂ ਜਾਣਿਆ ਜਾਂਦਾ ਹੈ। ਹੇ ਭਲੇ ਕੀਰਤਨੀਏ, ਜੋ ਵਿਆਪਕ ਰਾਮ ਹੈ, ਸਾਰੇ ਸੁਆਰਥ ਛੱਡ ਕੇ ਉਸੇ ਦੇ ਹੀ ਗੁਣ ਗਾ। (ਪੰਚ ਬਜਿਤ੍ਰ ਕਰੇ ਸੰਤੋਖਾ, ਸਾਤ ਸੁਰਾ ਲੈ ਚਾਲੈ) ਪੰਜ ਵਾਜੇ ਜੋ ਕਿ, ਸਤ, ਸੰਤੋਖ, ਦਇਆ, ਧਰਮ, ਸਹਿਜਤਾ, ਇਹ ਪੰਜ ਵਾਜੇ ਬਨਾਣੇ ਹਨ, ਅਤੇ ਲੈਅ ਵਿਚ ਰਹਿ ਕੇ, ਲਿਵ ਲੀਨਤਾ ਨਾਲ ਅਤੇ ਸੁਰਾਂ (ਸਾ ਰੇ ਗਾ ਮਾ ਪਾ ਧਾ ਨੀ) ਹੋਣ। (ਬਾਜਾ ਮਾਣ) ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ) ਮਾਣ ਤਜਣਾ ਵਾਜਾ ਹੋਵੇ, ਅਤੇ ਤਾਣ ਤਜਣਾ, ਤਾਨ ਪਲਟਾ ਹੋਵੇ, ਅਤੇ ਤਾਲ ਦੇਣ ਵੇਲੇ, ਵਿੰਗਾ ਪੈਰ ਨਾ ਧਰੇ, ਕਿਸੇ ਮੰਦੀ ਥਾਂ ਤੇ ਪੈਰ ਨਾ ਧਰੇ। (ਫੇਰੀ ਫੇਰੁ ਨ ਹੋਵੈ ਕਬਹੀ, ਏਕ ਸਬਦੁ ਬੰਧਿ ਪਾਲੈ) ਫੇਰੀ ਏਹ ਹੋਵੇ, ਕਿ ਮੁੜ ਕੇ ਜਨਮ ਮਰਣ ਦੇ ਫੇਰ ਵਿਚ ਨਾ ਪਵੇ, ਇਕ ਸ਼ਬਦ ਨੂੰ ਪੱਲੇ ਬੰਨ ਲਵੇ (ਨਾਰਦੀ ਨਰਹਰਿ ਜਾਣਿ ਹਦੂਰੇ) ਨਾਰਦ ਦਾ ਪਾਰਟ ਅਦਾ ਕਰਨਾ ਅਰਥਾਤ ਵਾਹਿਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਸਮਝਣਾ (ਘੂੰਘਰ ਖੜਕੁ ਤਿਆਗਿ ਵਿਸੂਰੇ) ਘੂੰਘਰੂਆਂ ਦਾ ਖੜਕਣਾ ਏਹ ਬਨਾਣਾ ਹੈ ਕਿ ਆਪਣੇ ਸਾਰੇ ਦੁੱਖ ਤੇ ਝੋਰੇ ਤਿਆਗ ਦੇਣ ਹਨ। (ਸਹਜ ਅਨੰਦ ਦਿਖਾਵੈ ਭਾਵੈ) ਹਾਵ ਭਾਵ ਦਿਖਾਣੇ ਗੁਰਮਤ ਅਨੁਸਾਰ ਜੋ ਸਹਜ ਸੁੱਖ ਜਾਂ ਸਹਿਜ ਅਨੰਦ ਆਉਂਦਾ ਹੈ, ਸੋ ਅਸਲੀ ਸੁੱਖ ਹੈ। (ਏਹ ਨਿਰਤਿ ਕਾਰੀ ਜਨਮਿ ਨ ਆਵੈ) ਐਸੇ ਨਾਚ ਕਰਨ ਵਾਲਾ ਮੁੜ ਕੇ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ (ਜੇ ਕੋ ਅਪਨੇ ਠਾਕੁਰ ਭਾਵੈ। ਕੋਟਿ ਮਧਿ ਏਹੁ

ਕੀਰਤਨ ਗਾਵੈ) ਕਰੋੜਾਂ ਵਿਚੋਂ ਕੋਈ ਵਿਰਲਾ ਹੀ ਹੁੰਦਾ ਹੈ, ਜੋ ਇਹੋ ਜਿਹਾ ਕੀਰਤਨ ਕਰਦਾ ਹੈ ਤੇ ਆਪਣੇ ਠਾਕੁਰ ਹਰੀ ਨੂੰ ਭਾਅ ਜਾਂਦਾ ਹੈ।(ਸਾਧ ਸੰਗਤਿ ਕੀ ਜਾਵਉ ਟੇਕ।ਕਹੁ ਨਾਨਕ ਤਿਸੁ ਕੀਰਤਨ ਏਕ।੪।) ਮੈਂ ਸਿਰਫ ਇਕੋ ਸਾਧ ਸੰਗਤ ਦੀ ਟੇਕ (ਆਸਰਾ) ਲੈਂਦਾ ਹਾਂ, ਕਿਉਂਕਿ ਸਿਰਫ ਉਥੇ ਹੀ ਇਕ ਰਬ ਦਾ ਪ੍ਰਮਾਤਮਾ ਦਾ ਕੀਰਤਨ ਮਿਲਦਾ ਹੈ।

ਸਤਿਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ ਵਿਚ ਗੁਰਮੁਖਾਂ ਦੀ ਰਾਸ ਦਾ ਵਰਨਣ ਕੀਤਾ ਹੈ, ਵਾਹਿਗੁਰੂ ਵਿਚ ਲੀਨ ਕੀਰਤਨ ਦੇ ਰਸੀਏ ਕਿਹੜੀ ਕਿਹੜੀ ਰਾਸ ਦੇ ਸਾਮਾਨ ਵਰਤਦੇ ਹਨ ਤੇ ਉਹਨਾਂ ਦੇ ਜੀਵਨ ਦੇ ਰਸ ਨੂੰ ਕਿਵੇਂ ਸੁਆਦਲਾ ਬਣਾਇਆ ਜਾਦਾ ਹੈ, ਇਸ ਦਾ ਆਪ ਰਸ ਨਾਲ ਮੁਕਾਬਲਾ ਕਰ ਕੇ ਦੱਸਿਆ ਹੈ ਕਿ ਹੇ ਪ੍ਰਾਣੀ ਜੇ ਤੂੰ ਉਸ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਕਰਨੇ ਚਾਹੁੰਦਾ ਹੈ, ਤਾਂ ਉਸ ਨੂੰ ਗਾ, ਜਿਹਨਾਂ ਨੇ ਵੀ ਉਸ ਨੂੰ ਗਾਇਆ, ਉਹੀ ਉਸ ਦਾ ਰੂਪ ਹੋ ਗਏ। ਉਸ ਨੂੰ ਕਿਹਨਾਂ ਕਿਹਨਾਂ ਨੇ ਗਾਇਆ ਹੈ, ਗੁਰੂ ਨਾਨਕ ਦੇਵ ਜੀ, ਸੋਦਰੁ ਬਾਣੀ ਵਿਚ ਫੁਰਮਾਨ ਕਰਦੇ ਹਨ। (ਗਾਵਨਿ ਤੁਧਨੋ ਪਵਣ, ਪਾਣੀ, ਬੈਸੰਤਰ, ਗਾਵੇ ਰਾਜਾ ਧਰਮ ਦੁਆਰੇ) ਉਸ ਨੂੰ ਗਾਉਣ ਵਾਲਿਆਂ ਵਿਚ ਪਵਣ, ਪਾਣੀ, ਅਗਨੀ, ਧਰਮ ਰਾਜ, ਚਿਤਰਗੁਪਤ, ਈਸ਼ਰ, ਬ੍ਰਹਮਾ, ਦੇਵੀਆਂ, ਦੇਵਤੇ, ਇੰਦਰ, ਸਿੱਧ, ਸਾਧ, ਜਤੀ, ਸਤੀ, ਸੰਤੋਖੀ, ਵੀਰ, ਪੰਡਿਤ, ਰਿਖੀਸਰ ਅਤੇ ਜੁਗਾਂ ਜੁਗਾਤਰਾਂ ਤੋਂ ਵੇਦ ਵੀ ਗਾ ਰਹੇ ਹਨ ਅਤੇ ਸੁਰਗਾਂ ਵਿਚ ਰਹਿਣ ਵਾਲੀਆਂ ਮੋਹਣੀਆਂ, ਮਛ, ਕਛ, ਹਰ ਇਕ ਤਰ੍ਹਾਂ ਦੇ ਰਤਨ, ਅਠਾਹਠ, ਤੀਰਥ, ਜੋਧੇ, ਮਹਾਂਬਲੀ, ਸੂਰਮੇ, ਚਾਰੇ ਖਾਣੀਆਂ, ਸਾਰੇ ਖੰਡ, ਬ੍ਰਹਿਮੰਡ ਅਤੇ ਹੋਰ ਕਈ ਗਾ ਰਹੇ ਹਨ ਜਿਹੜੇ ਕਿ ਮੈਨੂੰ ਵੀ ਚੇਤੇ ਨਹੀਂ ਆਉਂਦੇ।

ਇਸ ਲਈ ਹੇ ਇਨਸਾਨ ਜੇ ਕਰ ਤੂੰ ਵੀ ਪ੍ਰਭੂ ਨੂੰ ਪਾਉਣੈ, ਤਾਂ ਵੀ ਗਾ, ਜੇ ਕਰ ਪ੍ਰਭੂ ਦੇ ਪ੍ਰਤੱਖ ਦਰਸ਼ਨ ਕਰਨੇ ਹਨ, ਤਾਂ ਵੀ ਗਾ।

ਹੁਣ ਧਿਆਨ ਦੇਣ ਵਾਲੀ ਗੱਲ ਹੈ, ਗੁਰੂ ਅਰਜਨ ਦੇਵ ਜੀ ਗਉੜੀ ਰਾਗ ਵਿਚ ਇਕ ਥਾਂ ਤੇ ਫੁਰਮਾਨ ਕਰਦੇ ਹਨ (ਗੁਰ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ, ਬਿਨਸੇ ਸਰਬ ਅੰਦੇਸਾ। ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ।੪।੧੫। (ਪੰਨਾ 213) ਅਰਥਾਤ ਸਤਿਗੁਰੂ ਜੀ ਫੁਰਮਾਨ ਕਰ ਰਹੇ ਹਨ ਕਿ ਜੇ ਕਰ ਤੂੰ ਉਸ ਪ੍ਰਭੂ ਦੇ ਗੁਣ ਗਾਏਂਗਾ ਤਾਂ ਕਿਰਪਾਲੂ ਸਤਿਗੁਰੂ ਤੇਰੇ ਤੇ ਕ੍ਰਿਪਾ ਕਰੇਗਾ, ਤਾਂ ਤੇਰੇ ਸਾਰੇ ਅੰਦੇਸ਼ੇ ਚਿੰਤਾਵਾਂ ਖਤਮ ਹੋ ਜਾਣਗੀਆਂ ਅਤੇ ਜਦੋਂ ਤੈਨੂੰ ਗੁਰੂ ਨਾਨਕ ਦਾ ਕੀਰਤਨ ਮਿਲ ਜਾਏਗਾ, ਤਾਂ ਸਾਰੇ ਕਲੇਸ਼ ਖਤਮ ਹੋ ਜਾਣਗੇ। ਹੁਣ ਸੋਚਣ ਵਾਲੀ ਗੱਲ ਹੈ ਕਿ ਅਸੀਂ ਜਿਤਨੇ ਵੀ ਕੀਰਤਨੀਏ ਹਾਂ, ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ ਕਿ ਕੀ ਅਸੀਂ ਸਾਰੇ ਸੁਖੀ ਹਾਂ, ਕੀ ਸਾਡੇ ਸਾਰੇ ਕਲੇਸ਼ ਮਿਟ ਗਏ ਹਨ, ਕੀ ਅਸੀਂ ਹਰ ਪੱਖ ਤੋਂ ਸੁਖੀ ਹਾਂ, ਬਹੁਤ ਸਾਰੇ ਰਾਗੀ ਕੀਰਤਨੀਏ ਸਾਨੂੰ ਮਿਲਦੇ ਹਨ ਜੋ ਹਰ ਵਕਤ ਰੋਂਦੇ ਹੀ ਮਿਲਦੇ ਹਨ, ਕਿਸੇ ਨੂੰ ਕੋਈ ਦੁੱਖ ਹੈ, ਕਿਸੇ ਨੂੰ ਕੋਈ ਦੁੱਖ ਹੈ। ਸਤਿਗੁਰੂ ਤਾਂ ਫੁਰਮਾਨ ਕਰਦੇ ਹਨ ਕਿ (ਸਾਚਨਾਮ ਆਧਾਰ ਮੇਰਾ ਜਿਨ ਭੁਖਾ ਸਭਿ ਗਵਾਈਆ) ਪਰ ਅਸੀਂ ਤਾਂ ਭੁੱਖੇ ਹੀ ਹਾਂ ਸਾਡੀਆਂ ਭੁੱਖਾਂ ਮਿਟਦੀਆਂ ਹੀ ਨਹੀ, ਜੇ ਕਰ ਭੁੱਖ ਲੱਗੀ ਹੋਵੇ ਤਾਂ ਜਿਉਂ ਜਿਉਂ ਭੋਜਨ ਦੀ ਬੁਰਕੀ ਖਾਂਦੇ ਜਾਵਾਂਗੇ, ਭੁੱਖ ਮਿਟਦੀ ਜਾਏਗੀ, ਅਤੇ ਜੇ ਕਰ ਭੁੱਖ ਨਹੀਂ ਮਿਟੀ ਤਾਂ ਗੱਲ ਸਪਸ਼ਟ ਹੋ ਗਈ ਕਿ ਅਸੀਂ ਭੋਜਨ ਖਾਧਾ ਹੀ ਨਹੀਂ, ਅਸੀਂ ਕੀਰਤਨ ਦੂਜਿਆਂ ਵਾਸਤੇ ਕਰਦੇ ਹਾਂ, ਦੂਜਿਆਂ ਨੂੰ ਸੁਣਾਉਂਦੇ ਹਾਂ, ਉਹਨਾਂ ਦੀ ਭੁੱਖ ਮਿਟ ਜਾਂਦੀ ਹੈ, ਤੇ ਉਹ ਸਾਨੂੰ ਉਸ ਦੇ ਇਵਜ਼ ਵਿਚ ਮਾਇਆ ਦੇ ਦਿੰਦੇ ਹਨ, ਪਰ ਭੋਜਨ ਅਸੀਂ ਆਪ ਨਹੀਂ ਖਾਂਦੇ, ਕੀਰਤਨ ਅਸੀਂ ਆਪ ਨਹੀਂ ਸੁਣਦੇ, ਤੇ ਆਪ ਭੁੱਖੇ ਹੀ ਰਹਿ ਜਾਦੇ ਹਾਂ। ਜਦੋਂ ਕੀਰਤਨ ਕਰਨ ਨਾਲ ਅਸੀਂ ਆਪ ਰੱਜ ਜਾਵਾਂਗੇ, ਸੰਤੁਸ਼ਟ ਹੋ ਜਾਵਾਂਗੇ, ਆਤਮਾ ਪ੍ਰਸੰਨ ਹੋ ਜਾਵੇਗੀ, ਤੇ ਆਤਮਾ ਦਾ ਬੈਕੁੰਠ ਵਿਚ ਨਿਵਾਸ ਹੋ ਜਾਵੇਗਾ। ਉਦੋਂ ਹੀ ਸਾਡਾ ਕੀਰਤਨ ਕੀਤਾ ਹੋਇਆ ਸਫਲ ਹੋਏਗਾ।

ਨਾਦ ਬਿਨੋਦ ਗ੍ਰੰਥ ਵਿਚ ਨਾਦ ਦੀ ਉਸਤਤ ਵਿਚ ਕੁਛ ਦੋਹਰੇ ਲਿਖੇ ਹਨ:

ਰਾਗ ਰਗ ਬੋਲੇ ਰਾਮ ਜੀ, ਰੋਮ ਰੋਮ ਰਣਕਾਰ।<br>
ਸਹਜੇ ਹੀ ਧੁਨਿ ਹੋਤ ਹੈ, ਏਹੀ ਸਿਮਰਨ ਸਾਰ।1।(ਦੋਹਰਾ)<br>
ਸਭੀ ਸਾਜ ਤਨ ਮੇਂ ਬਜੇ, ਮਚਾ ਹੈ ਕੈਸਾ ਰਾਗ,<br>
ਵਜਹਨ ਜਾਂ ਕੋ ਸੁਨ ਪੜੇ ਬੜੇ ਹੈਂ ਵਾਂ ਕੇ ਭਾਗ।2।(ਦੋਹਰਾ)<br>
ਤਨ ਸਿਤਾਰ ਮਨ ਕਿੰਗਰੀ, ਰਗੇਂ ਭਈ ਸਭ ਤਾਰ।<br>
ਰੋਮ ਰੋਮ ਸਵਰ ਦੇਤ ਹੈ, ਲੈ ਲੈ ਨਾਮ ਨਿਰੰਕਾਰ।3।(ਕਥਿਤ)

ਆਦਿ ਓਅੰਕਾਰ ਰੂਪ, ਨਾਦ ਅਹਿਲਾਦ ਕਰ, ਵਿਧ ਵਿਧ ਗਾਇਓ, ਵਿਧ ਵੇਦਨ ਵਿਧਾਨ ਮੇਂ।<br>
ਭੀਨੀ ਭੀਨੀ ਬੀਨ ਮੇਂ, ਪ੍ਰਵੀਨ ਰਿਗ ਨਾਰਦ ਮੇ, ਗਾਇਓ ਰਸ ਲੀਨ, ਜੋ ਨਵੀਨ ਗੁਣ ਗਿਆਨ ਮੇਂ।<br>
ਕਹੇਂ ਕਵਿ ਰਤਨ, ਸਿੱਧ ਨਾਗ ਨਰ ਕਿੰਨਰੀਓਂ, ਰਾਗ ਬਸ ਰਸਿਕ, ਚਤੁਰ ਸ਼ੁਭ ਤਾਨ ਮੇਂ।<br>
ਸੋ ਹੈ ਵਡਭਾਗੀ, ਬਸਹੇਂ ਰਾਗ ਕੇ ਸੁਹਾਗੀ, ਜੋ ਨਰ ਰਾਗ ਸੇ ਨਾ ਰਾਜ਼ੀ, ਸੋ ਅਭਾਗੀ ਹੈਂ ਜਹਾਨ ਮੇਂ।

425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ,<br>
ਕਾਕੋਵਾਲ ਰੋਡ ਲੁਧਿਆਣਾ-141008<br>
ਫੋਨ : 0161-2633515, ਮੋ : 9663244912

# ਗਾਵਨਹਾਰੀ ਗਾਵੈ ਗੀਤ

## ਕਰਤਾਰ ਸਿੰਘ ਨੀਲਧਾਰੀ

ਮਨੁੱਖ ਜੋ ਕੁਝ ਬੋਲਦਾ ਹੈ ਉਹ ਆਪਣੇ ਆਪ ਵਿਚ ਸ਼ਬਦ ਹਨ।ਸ਼ਬਦ ਅੱਖਰਾਂ ਦੇ ਜੋੜ ਨਾਲ ਬਣਦੇ ਹਨ।ਗੁਰਬਾਣੀ ਵਿਚ ਅੱਖਰ ਦੇ ਬਹੁਵਚਨ ਅਰਥ ਨਾਲ ਹੁੰਦਾ ਹੈ ਉਹ ਕਲਿਆਣਕਾਰੀ ਬਣ ਜਾਂਦਾ ਹੈ।ਜੇਕਰ ਅੱਖਰ (ਖੈ ਨਾ ਹੋਣ ਵਾਲਾ) ਨੂੰ ਬ੍ਰਹਮ ਮੰਨੀਐ ਤਾਂ ਹਰੇਕ ਸ੍ਵਰ ਜਾਂ ਵਿਅੰਜਨ ਦੀ ਇਕੱਲੀ ਧ੍ਵਨੀ ਅਰਥ ਪੂਰਨ ਵਿਸਥਾਰ ਸਮੇਟੇ ਬੈਠੀ ਹੈ। ਸੂਕਸ਼ਮ ਰਿਸ਼ੀਆਂ ਨੇ ਇਸੇ ਆਪਾਰ ਤੇ ਤੰਤਰ ਵਿਗਿਆਨ ਦੀ ਰਚਨਾ ਕਰਕੇ ਵੱਖਰੇ ਫਲਸਫੇ ਦਾ ਆਧਾਰ ਬਣਾਇਆ।ਸਾਧਾਰਨ ਚੇਤਨਾ ਵਿਚ ਅਰਥ ਪੂਰਤ ਸ਼ਬਦ ਹੀ ਸਾਰਥਕ ਹੈ ਇੰਝ ਵੀ ਜਿੱਦ ਨਹੀਂ ਕੀਤੀ ਜਾ ਸਕਦੀ ਕਿਉਂਕਿ ਵੱਖ ਵੱਖ ਭਾਸ਼ਾਵਾਂ ਵਿਚ ਇਕ ਸ਼ਬਦ ਧੁਨੀ ਦੇ ਵੱਖ ਵੱਖ ਅਰਥ ਲਏ ਜਾਂਦੇ ਹਨ।ਆਪਣੀ ਭਾਸ਼ਾ ਸੀਮਾ ਵਿਚ ਸਾਡੇ ਲਈ ਬੇਗਾਨੀ ਭਾਸ਼ਾਵਾਂ ਅਰਥਹੀਨ ਹੁੰਦੀਆਂ ਹਨ ਅਤੇ ਸਾਡੇ ਆਸ ਪਾਸ ਅਰਥਹੀਨ ਕਈ ਸ਼ਬਦ ਧੁਨੀਆਂ ਹੋਰਨਾ ਭਾਸ਼ਾਵਾਂ ਵਿਚ ਸਾਰਥਕ ਹੁੰਦੀਆਂ ਹਨ। ਜਾਨਵਰਾਂ ਤੇ ਪੰਛੀਆਂ ਦੀਆਂ ਭਾਸ਼ਾ ਦੇ ਜਾਣਕਾਰ ਉਹਨਾਂ ਦੇ ਸੰਵਾਦ ਸਮਝ ਸਕਦੇ ਹਨ।ਇਸ ਤਰ੍ਹਾਂ ਸ਼ਬਦ ਧੁਨੀਆਂ ਦੀ ਸਾਰਥਕਤਾ ਜਾਨਣ ਦੀ ਜਿਗਿਆਸਾ ਵਿਚ ਸਾਡੇ ਮਾਨਸਿਕ, ਸਮਾਜਕ ਤੇ ਭੂਗੋਲਕ ਪਰਿਵੇਸ਼ਾਂ ਦੀਆਂ ਸੀਮਾਵਾਂ ਜੁੜੀਆਂ ਹੋਈਆਂ ਹਨ। ਇਹਨਾਂ ਹੱਦਾਂ ਨੂੰ ਪਾਰ ਕਰਦੇ ਹੋਏ ਅਰਥ ਗਿਆਨ ਦੇ ਲੌਕਿਕ ਤੋਂ ਪਰਲੌਕਿਕ ਮੰਡਲਾਂ ਤਕ ਪੁੱਜਣ ਦੀ ਸੰਭਾਵਨਾ ਮੰਨੀ ਗਈ ਹੈ।

ਮਨੁੱਖ ਜੋ ਕੁਝ ਬੋਲਦਾ ਹੈ ਉਹ ਅਰਥਪੂਰਨ ਹੈ ਪਰ ਅਰਥ ਬਲ ਦੀ ਪ੍ਰਾਪਤੀ ਲਈ ਉਚਿੱਤ ਲੈਅ ਦਾ ਹੋਣਾ ਵੀ ਜ਼ਰੂਰੀ ਹੈ। ਕਿਸੇ ਘਰ ਦੇ ਦਰਵਾਜ਼ੇ ਤੇ ਆ ਕੇ ਕੋਈ ਭਿਖਾਰੀ ਭੀਖ ਜਾਂ ਭੋਜਨ ਮੰਗਦਾ ਹੈ ਤਾਂ ਉਸਨੂੰ ਰੋਜ਼ ਦੀ ਆਦਤ ਮੰਨ ਲਿਆ ਜਾਂਦਾ ਹੈ।ਰਾਹ ਜਾਂਦੇ ਇਕ ਦੁਬਲਾ ਗਰੀਬੜਾ ਜਾਚੁਨਾ ਕਰੇ ਕਿ ਮੈਂ ਭੁੱਖਾ ਹਾਂ ਤਾਂ ਸੁਨਣ ਵਾਲੇ ਦਾ ਦਿਲ ਪਿਘਲ ਜਾਂਦਾ ਹੈ।ਇਨਸਾਨੀ ਭਾਵ ਵਿਚ ਉਸਦੀ ਭੁੱਖ ਦੂਰ ਕਰਨ ਦੇ ਜਤਨ ਵਿਚ ਕੁਝ ਪੈਸੇ ਦੇ ਦੇਂਦਾ ਹੈ ਜਾਂ ਨੇੜੇ ਦੇ ਢਾਬੇ ਤੇ ਲੈ ਜਾ ਕੇ ਖਾਣਾ ਖਿਲਾ ਦੇਂਦਾ ਹੈ। ਪ੍ਰਭਾਵ ਪਾਉਣ ਵਿਚ ਸਫਲ ਹੋਇਆ/ ਸ਼ਾਸ਼ਕਕਾਰ ਸ਼ਾਸ਼ਕਾਂ ਦੀਆਂ ਬਹੁਤੀ ਬਾਣੀਆਂ ਨੂੰ ਮੰਤ੍ਰ ਕਹਿੰਦੇ ਹਨ ਤੇ ਇਹ ਵੀ ਮੰਨਦੇ ਹਨ ਕਿ ਕੋਈ ਵੀ ਮੰਤਰ ਆਪਣੀ ਨਿਸ਼ਚਿਤ ਲੈਅ ਤੋਂ ਬਗੈਰ ਪ੍ਰਭਾਵੀ ਨਹੀਂ ਹੁੰਦਾ। ਇਕ ਹਾਸ ਰਸ ਕਵੀ ਰੇਡੀਓ ਰਾਹੀਂ ਵੀ ਸਰੋਤਿਆਂ ਨੂੰ ਲੋਟ ਪੋਟ ਕਰਨ ਵਿਚ ਸਫਲ ਹੋ ਜਾਂਦਾ ਹੈ ਪਰ ਉਹੀ ਕਵਿਤਾ ਕਿਸੇ ਹੋਰ ਦੁਆਰਾ ਪ੍ਰਤੱਖ ਪੜੀ ਜਾਣ ਤੇ ਵੀ ਹਾਸ ਰਸ ਨਹੀਂ ਉਪਜਦਾ।

ਸ਼ਬਦ (ਧੁਨੀ) ਦੀ ਸ਼ਕਤੀ ਆਪਨੇ ਆਪ ਵਿਚ ਮਹੱਤਵਪੂਰਨ ਹੈ ਕਿਉਂਕਿ ਮੌਜੂਦਾ ਵਿਗਿਆਨ ਅਨੁਸਾਰ ਅਸੀਂ ਜੋ ਕੁਝ ਉਚਾਰਨ ਕਰਦੇ ਹਾਂ ਉਹ ਧੁਨੀ ਪੂਰੇ ਬ੍ਰਹਮਾਂਡ ਵਿਚ ਜੁਗਾ-ਜੁਗਾਂਤਰ ਤਕ ਨਸ਼ਟ ਨਹੀਂ ਹੁੰਦੀ। ਪੁਰਾਤਨ ਰਿਸ਼ੀਆਂ ਦੇ ਵਿਗਿਆਨ ਨੇ ਅੱਖਰ (ਧੁਨੀ) ਦੀ ਇਸ ਸ਼ਕਤੀ ਦੀ ਪਹਿਚਾਨ ਕਰਕੇ ਹੀ ਅੱਖਰ ਬ੍ਰਹਮ ਦੀ ਸੰਗਿਆ ਬਣਾਈ ਹੈ।ਗੁਰਬਾਣੀ ਇਸ ਸ਼ਾਸ਼ਤਰੀ ਸਿਧਾਂਤ ਨਾਲ ਸਹਿਮਤ ਹੈ।ਇਸ ਲਈ ਗੁਰੂ ਵਾਕ ਹੈ:

ਅਖਰ ਮਹਿ ਤ੍ਰਿਭਵਨ ਪ੍ਰਭਿਧਾਰੈ/ ਅਖਰ ਕਰਿ ਕਰਿ ਮੰਦ ਬੀਚਾਰੈ।

ਅਖਰ ਸਾਸਤ੍ਰ ਜੁਗਤਿ ਭੈ ਭਰਮਾ/ਅਖਰ ਨਾਦ ਕਥਨ ਬਖਿਆਨਾ।

ਅਖਰ ਮੁਕਤਿ ਜੁਗਤਿ ਭੈ ਭਰਮਾ/ ਅਖਰ ਕਰਮ ਕਿਰਤਿ ਸੁਚ ਧਰਮਾ।

ਦ੍ਰਿਸਟਿਮਾਨ ਅਖਰ ਹੈ ਜੇਤਾ/ਨਾਨਕ ਪਾਰ ਬ੍ਰਹਮ ਨਿਰਲੇਪਾ।(261)

ਅਖਰ ਦੇ ਇਹਨਾਂ ਅਰਥਾਂ ਵਿਚ ਸ਼ਬਦ ਨੂੰ ਵੀ ਧੁਨੀ ਅਰਥ ਵਿਚ ਵਰਤਿਆ ਗਿਆ ਹੈ:

ਉਤਪਤਿ ਪਰਲਉ ਸਬਦੇ ਹੋਵੈ।<br>
ਸਬਦੇ ਹੀ ਫਿਰ ਓਪਤਿ ਹੋਵੈ।। (117)

ਸ੍ਰਿਸ਼ਟੀ ਰਚਨਾ ਨਾਲ ਜੁੜਿਆ ਸ਼ਬਦ ਵੱਖ ਵੱਖ ਮੰਤਰ ਭਾਸ਼ਾਵਾਂ ਦੇ ਪ੍ਰਭਾਵ ਹੇਠ ਵੱਖ ਵੱਖ ਧਰਮਾਂ ਦਾ ਮੂਲ ਮੰਤ੍ਰ ਬਣ ਗਿਆ ਹੈ।ਗੁਰਬਾਣੀ ਦਾ ਬਹੁਤਾ ਅਵਤਰਣ ਰਾਗ੍ਸੰਗੀਤ ਵਿਧਾ ਵਿਚ ਹੋਇਆ ਹੈ। ਜੇਕਰ ਕਿਸੇ ਗੁਰਬਾਣੀ ਸ਼ਬਦ/ਪਦ ਜਾਂ ਭਗਤੀ ਗੀਤ) ਨੂੰ ਉਸਦੇ ਨਿਸ਼ਚਿਤ ਰਾਗ ਤੇ ਸੰਗੀਤ ਮਰਯਾਦਾ ਵਿਚ ਹਿਰਦੇ ਬੋਧ ਨਾਲ ਗਾਇਆ ਜਾਏ ਤਾਂ ਉਹ ਸ਼ਬਦ ਗਾਇਕ ਤੇ ਸਰੋਤਿਆਂ ਨੂੰ ਉਸਦੇ ਉਦਗਮ

ਮੰਗਲ ਤਕ ਲੈ ਜਾਣ ਲਈ ਸਮਰਥ ਹੋ ਜਾਂਦਾ ਹੈ। ਗੁਰਬਾਣੀ ਦਾ ਪਾਠ, ਗਾਇਨ ਤੇ ਸਰਵਨ ਕਰਨ ਦੀ ਗੁਰਮਤਿ ਤੇ ਆਧਾਰਤ ਸਿੱਖ ਧਰਮ ਆਪਣੇ ਮੂਲ ਤੋਂ ਉਖੜਦਾ ਜਾ ਰਿਹਾ ਹੈ।ਇਸੇ ਕਰਕੇ ਕਰੀਤਨੀਏ ਬਹਾਨੇ ਕਰਦੇ ਹਨ ਕਿ ਸਰੋਤੇ ਸ਼ਾਸ਼ਤਰੀਆ (ਕਲਾਸੀਕਲ) ਗੁਰਮਤਿ ਸੰਗੀਤ ਨੂੰ ਪਸੰਦ ਨਹੀਂ ਕਰਦੇ। ਉਹਨਾਂ ਨੂੰ ਪੁੱਛੋ ਕਿ ਜਦੋਂ ਕੋਈ ਸੰਗੀਤਕਾਰ ਸੰਗੀਤ ਵਿਧਾ ਵਿਚ ਬਾਂਸੁਰੀ ਜਾਂ ਕੋਈ ਇਕ ਸਾਜ ਵਜਾਂਦਾ ਹੈ ਤਾਂ ਸਾਡਾ ਮਨ ਕਿਵੇਂ ਠਹਿਰ ਜਾਂਦਾ ਹੈ? ਹਿਰਦਾ ਕਿਉਂ ਸੁੱਖ ਮਹਿਸੂਸ ਕਰਦਾ ਹੈ? ਇਸਦਾ ਇਕ ਕਾਰਨ ਇਹ ਵੀ ਹੈ ਕਿ ਪਿਛਲੇ ਕੁਛ ਅਰਸੇ ਵਿਚ ਕੀਰਤਨ ਵਿਚ ਬਾਣੀ ਨੂੰ ਪ੍ਰਮੁੱਖ ਰੱਖਣ ਵਿਚ ਜ਼ੋਰ ਦੇਂਦੇ ਹਨ ਤੇ ਸੰਗੀਤ ਲਹਿਰੀਆਂ ਦੀ ਅਨੰਦ ਸ਼ਕਤੀ ਨੂੰ ਨਹੀਂ ਜਾਣਦੇ। ਨਾਦ ਸੰਗਿਆ ਵਿਚ ਅੱਖਰਾਂ ਦੀ ਕੋਈ ਲੋੜ ਨਹੀਂ ਕੇਵਲ ਸੰਗੀਤ ਸਾਜਾਂ ਦੀ ਧੁਨੀ ਹੀ ਹੁੰਦੀ ਹੈ, ਜਿਸਦਾ ਅਭਿਆਸੀ ਸਰੋਤਾ ਬਾਹਰਲੇ ਮਾਹੌਲ ਵਿਚ ਵੀ ਇਕ ਚਿੱਤ ਹੋਣ ਦੇ ਅਭਿਆਸ ਨਾਲ ਅਚਾਨਕ ਕੰਨਾਂ ਵਿਚ ਸੁਰੀਲਾ ਸਾਜ ਸੁਣਨ ਵਿਚ ਵੀ ਸਮਰੱਥ ਹੋ ਜਾਂਦਾ ਹੈ। ਬਿਨਾ ਬਜਾਏ ਨਾਦ ਦੀ ਇਹ ਧੁਨੀ ਸਾਡੇ ਹਿਰਦੇ ਦੇ ਤਰੰਗਤ ਹੋਣ ਤੇ ਜੀਵ ਚੇਤਨਾ ਨਾਲ ਉਸਦੀ ਅੰਤਰ ਸਾਂਝ ਨਾਲ ਹੀ ਸੰਭਵ ਹੁੰਦੀ ਹੈ। ਹਿਰਦੇ ਦੀ ਜੀਵਨ ਜਾਂ ਪ੍ਰਾਣ ਰੂਪੀ ਧੜਕਣ ਦੀ ਨਾਦ ਜਾਂ ਅਨਾਹਤ ਨਾਦ ਰੂਪ ਵਿਚ ਪ੍ਰਗਟ ਹੁੰਦੀ ਹੈ। ਇਸ ਅਨਹਤ ਨਾਦ ਦੀ ਪੂਰਨਤਾ ਪੰਜ ਪ੍ਰਕਾਰ ਦੇ ਸਾਜਾਂ ਦੇ ਸ਼ਬਦ/ਧੁਨੀ ਦੀ ਸਾਂਝੀ ਧੁਨਕਾਰ ਨਾਲ ਪੂਰਨ ਹੁੰਦੀ ਹੈ। ਅਨਾਹਦ, ਅਨਹਤ ਜਾਂ ਅਨਾਹਤ ਨਾਦ ਵਿਚ ਅੱਖਰ ਨਹੀਂ ਹੁੰਦੇ। ਇਹ ਸਾਧਕ ਦੀ ਸਾਧਨਾ ਦੀ ਸਫਲਤਾ ਦੀ ਪੂਰਨਤਾ ਦਾ ਸਬਬ ਹੁੰਦਾ ਹੈ:

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ।
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ। (1290)
ਪੰਚੇ ਸਬਦ ਵਜੇ ਮਹਿ ਗੁਰਮਤਿ ਵਡਭਾਗੀ ਅਨਹਦੁ ਵਜਿਆ
ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰਬਸਦੀ ਗੋਵਿਦੁ ਗਜਿਆ। (1315)

ਕਿਸੇ ਸਬਦ ਦੀ ਮੂਲ ਧੁਨੀ ਕੀ ਹੈ, ਜਿਸ ਨਾਲ ਉਸਦਾ ਨਿਸ਼ਚਿਤ ਅਤੇ ਸਥਾਈ ਪ੍ਰਭਾਵ ਪੈ ਸਕੇ, ਇਹ ਕੋਈ ਪੁਸਤਕ ਨਹੀਂ ਦਸ ਸਕਦੀ। ਇਸਦੇ ਲਈ ਗੁਰੂ ਦੀ ਲੋੜ ਹੁੰਦੀ ਕਿਉਂਕਿ ਉਹੀ ਉਚਾਰਣ ਕਰਕੇ ਉਸ ਸ਼ਬਦ ਦੀ ਮੂਲ ਧੁਨੀ ਨੂੰ ਸਮਝਾ ਸਕਦਾ ਹੈ। ਜੇਕਰ ਕਿਸੇ ਨੂੰ ਸਬਦ ਦੀ ਮੂਲ ਧੁਨੀ ਦਾ ਗਿਆਨ ਹੋ ਜਾਂਦਾ ਹੈ ਤਾਂ ਗਾਇਕ ਉਸ ਲੈਅ ਦੇ ਨਾਲ ਉਸ ਸ਼ਬਦ ਦਾ ਉਚਾਰਨ (ਗਾਇਨ) ਕਰਕੇ ਨਿਸ਼ਚਿਤ ਪ੍ਰਭਾਵ ਪਾ ਸਕਣ ਵਿਚ ਸਮਰਥ ਹੋ ਸਕਦੇ ਹਨ।ਇਹ ਸਿਧਾਂਤ ਕੀਰਤਨੀਏ ਲਈ ਆਤਮਸਾਤ ਕਰਨਾ ਜ਼ਰੂਰੀ ਹੈ। ਹਿਰਦੇ ਵਿਚ ਸ਼ਰਧਾ ਪੂਰਤ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਇਹ ਬਾਣੀ ਬ੍ਰਹਮ ਵਿਚਾਰ ਹੈ ਜੋ ਜੀਵਾਤਮਾ ਨੂੰ ਪਰਮਾਤਮਾ ਨਾਲ ਮਿਲਾਉਣ ਲਈ ਸਮਰਥ ਸਾਧਨ ਹੈ। ਕੀਰਤਨ ਵਿਚ ਰਾਗ ਸੰਗੀਤ ਦੇ ਨਾਲ ਉਸਦੀ ਗਾਇਨ ਸਮੇਂ ਦੀ ਮਰਯਾਦਾ ਦਾ ਪੂਰਨ ਗਿਆਨ ਰੱਖਣ ਵਾਲਾ ਹੀ ਸੱਚਾ ਕੀਰਤਨੀਆ ਹੈ। ਸਦਾ ਇਸ ਭਾਵ ਨਾਲ ਸ਼ਬਦ ਗਾਏ ਕਿ ਉਹ ਗੁਰੂ ਲਈ ਕੀਰਤਨ ਕਰ ਰਿਹਾ ਹੈ।ਗੁਰੂ ਨੂੰ ਰਾਜੀ ਕਰਕੇ ਅੰਤਰ ਦ੍ਰਿਸ਼ਟੀ ਵਿਚ ਉਸਦੇ ਦਰਸ਼ਨ ਕਰਨੇ ਹਨ।ਜਦੋਂ ਕੀਰਤਨ ਗੁਰੂ ਮੂਰਤ ਦੇ ਧਿਆਨ ਵਿਚ ਕੀਤਾ ਜਾਵੇਗਾ ਤਾਂ ਉਹ ਪ੍ਰੇਮਾ ਭਗਤੀ ਦਾ ਰੂਪ ਬਣ ਕੇ ਸੰਗਤ-ਸਰੋਤਿਆਂ ਨੂੰ ਵੀ ਉਸੇ ਗੁਰਮਤਿ ਪ੍ਰੇਮਧਾਰਾ ਨਾਲ ਜੋੜ ਲਵੇਗਾ।

ਗੁਰੂ ਸ਼ਬਦ ਦਾ ਸਾਦਾ ਅਰਥ ਸ੍ਰੀ ਗੁਰੂ ਨਾਨਕ ਦੇਵ ਜਾਂ ਉਹਨਾਂ ਦਾ ਕੋਈ ਹੋਰ ਜਾਮਾ ਹੀ ਹੈ।ਕੀਰਤਨ ਜਦੋਂ ਮੂਰਤ ਰੂਪ ਹੁੰਦਾ ਹੈ ਸਰਗੁਨ ਗੁਰੂ ਸਰੂਪ ਦੀ ਝਲਕ ਜ਼ਰੂਰ ਮਿਲਦੀ ਹੈ ਤੇ ਇਹ ਕੀਰਤਨ ਅਮੂਰਤ ਮੰਡਲ ਦੇ ਪ੍ਰਕਾਸ਼ ਤੇ ਅਨਾਹਤ ਨਾਦ ਨਾਲ ਸਾਂਝ ਪੁਆਉਂਦਾ ਹੈ।ਭਾਈ ਜਵਾਲਾ ਸਿੰਘ ਜੀ ਦੀ ਜੀਵਨੀ ਦੀ ਪੁਸਤਕ ਦੇ ਵਿਚ ਉਹਨਾਂ ਦੇ ਨਿਜੀ-ਡਾਇਰੀ ਦੇ ਕੁਝ ਪੰਨਿਆਂ ਦੀ ਫੋਟੋਕਾਪੀ ਦਿੱਤੀ ਗਈ ਹੈ। ਤਰਨਤਾਰਨ ਉਹ ਉਚੇਚ, ਮੱਸਿਆ ਅਤੇ ਹਾਜ਼ਰੀ ਭਰਦੇ ਰਹੇ ਹਨ ਤੇ ਕੀਰਤਨ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਦਰਸ਼ਨ ਝਲਕ ਵੀ ਪ੍ਰਾਪਤ ਕਰਦੇ ਰਹੇ ਹਨ। ਇਸ ਤਰ੍ਹਾਂ ਐਸਾ ਗੁਰ ਪ੍ਰਸਾਦਿ ਇਕ ਵਾਰ ਨਾ ਮਿਲਿਆ ਤੇ ਉਹਨਾਂ ਲਿਖਿਆ - ਅਜ ਗੁਰੂ ਜੀ ਦੇ ਦਰਸ਼ਨ ਨਹੀਂ ਹੋਏ। ਇਸ ਇਕ ਉਦਾਹਰਣ ਨਾਲ ਗੁਰਬਾਣੀ ਵਿਚ ਦੱਸੀ ਗਈ ਕੀਰਤਨ ਦੀ ਉਪਮਾ ਦਾ ਰਹੱਸ ਸਮਝ ਪੈ ਜਾਣਾ ਚਾਹੀਦਾ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਉਚਾਰ ਕਰਨ ਸਮੇਂ ਹੁਕਮ ਕਰਦੇ ਸਨ-ਮਰਦਾਨਿਆ! ਰਬਾਬ ਵਜਾ, ਬਾਣੀ ਆਈ ਆ।ਭਾਈ ਮਰਦਾਨਾ ਜੀ ਸਮੇਂ ਦਾ ਕੋਈ ਰਾਗ ਛੇੜ ਦੇਂਦੇ ਤੇ ਗੁਰੂ ਸਾਹਿਬ ਉਸ ਰਾਗ ਦੀ ਲੈਅ ਵਿਚ ਸ਼ਬਦ ਗਾਇਨ ਕਰਦੇ।ਉਸ ਸਮੇਂ ਸਚਖੰਡ ਵਿਚ ਬੈਠਾ ਅਕਾਲ ਪੁਰਖ, ਗੁਰੂ ਪਰਮੇਸ਼ਰ ਗੁਰੂ ਨਾਨਕ, ਭਾਈ ਮਰਦਾਨਾ, ਰਬਾਬ ਤੇ ਸਰੋਤਾ ਸੰਗਤ ਇਕ ਰਸ ਹੋ ਜਾਂਦੇ ਸਨ।ਗੁਰੂ ਕਿਰਪਾ ਨਾਲ ਅੱਜੋਕੇ ਸਮੇਂ ਵਿਚ ਵੀ ਗੁਰਮਤਿ ਸ਼ਰਧਾ ਭਾਵਨਾ ਵਿਚ ਕੀਤੇ ਕੀਰਤਨ ਵਿਚ ਅਜਿਹੀ ਮਸਤੀ ਦਾ ਆਲਮ ਬਣ ਜਾਂਦਾ ਹੈ ਜਦੋਂ ਲਗਦਾ ਹੈ ਕਿ ਧਰਤੀ ਤੇ ਬੈਕੁੰਠ ਉਤਰ ਆਇਆ ਹੈ।

ਸ਼ਬਦ ਨਾਦ ਦੀ ਇਸ ਮਸਤੀ ਵਿਚ ਸਰਗੁਣ ਸਰੂਪ ਝਲਕ ਸਭ ਨੂੰ ਨਾ ਪਵੇ ਪਰ ਕੀਰਤਨ ਦੇ ਸੁਆਮੀ ਦੀ ਹੋਂਦ ਦਾ ਅਹਿਸਾਸ ਬਹੁਤਿਆਂ ਨੂੰ ਜ਼ਰੂਰ ਹੋ ਜਾਂਦਾ ਹੈ। ਵਾਸਤਵ

ਵਿਚ ਸ੍ਰਿਸ਼ਟੀ ਦਾ ਸਾਰਾ ਸੰਚਾਲਨ (ਰਚਨਾ ਪਾਲਨ ਤੇ ਸੰਹਾਰ) ਸੰਗੀਤ ਕੀਰਤਨ ਵਿਚ ਹੋ ਰਿਹਾ।ਪ੍ਰਾਣੀ ਦੇ ਪ੍ਰਾਣਾਂ ਦੀ ਧੜਕਨ ਹਿਰਦੇ ਵਿਚ ਕਿਸ ਤਰ੍ਹਾਂ ਸਪੰਦਿਤ ਹੁੰਦੀ ਹੈ ਸਭ ਮਹਿਸੂਸ ਕਰਦੇ ਹਨ।ਇਸ ਅਨਾਹਦ ਰੂਪੀ ਧੜਕਨ ਦਾ ਸਿੱਧਾ ਸੰਬੰਧ ਪ੍ਰਾਣਸ਼ਕਤੀ ਦੇ ਸੰਚਾਲਨ ਨਾਲ ਜੁੜਿਆ ਹੋਇਆ।ਵੈਦ ਕਲਾਈ ਤੋਂ ਨਬਜ਼ ਦੇਖ ਕੇ ਇਸ ਨਾਦ ਦੀ ਤਰੁਟੀਆਂ ਵਿਚੋਂ ਸ਼ਰੀਰ ਰੋਗ ਦੇ ਲੱਛਣ ਪਹਿਚਾਣ ਲੈਂਦੇ ਹਨ। ਹਿਰਦੇ ਦੇ ਰੋਗਾਂ ਦੇ ਵੇਰਵੇ ਨਾਲ ਹਿਰਦੇ ਦੀ ਧੜਕਣ ਦੇ ਸੰਗੀਤ ਦਾ ਬੇਸੁਰਾਪਨ ਹੀ ਪ੍ਰਗਟ ਹੁੰਦਾ ਹੈ।ਸੂਖਮ ਬਿਰਤੀ ਨਾਲ ਨਾਰੀ ਪੁਰਸ਼ ਦੇ ਸੰਜੋਗ ਸ੍ਰਾਵ ਕਿਸੇ ਸੰਗੀਤ ਨਾਲ ਹੀ ਉਪਜੇ ਅਨੁਭਵ ਕੀਤਾ ਜਾ ਸਕਦੇ ਹਨ। ਦੋਹਾਂ ਸ੍ਰਾਵਾਂ ਦਾ ਸੰਜੋਗ ਇਕ ਨਵੇਂ ਰਾਗ (ਪ੍ਰਾਣ) ਦੀ ਰਚਨਾ ਕਰਦਾ ਹੈ। ਇਸ ਨਵੇਂ ਰਾਗ ਦੇ ਨਾਦ ਨਾਲ ਮਮਤਾ ਦਾ ਸੰਗੀਤ ਜੁੜ ਜਾਂਦਾ ਹੈ ਤੇ ਸਮਾਂ ਪਾ ਕੇ ਅਨਹਦ ਨਾਦ ਦਾ ਇਕ ਨਵਾ ਵਾਜਾ ਜਨਮ ਲੈਂਦਾ ਹੈ।

ਮਹਾਤਮਾ ਬੁੱਧ ਦਾ ਮਰਨ-ਵਰਤ ਸਜਾਤਾ ਨਾਮ ਦੀ ਇਕ ਅਛੂਤ ਕੰਨਿਆ ਦੀ ਮਾਸੂਮ ਭਗਤੀ ਤੇ ਸ਼ਰਧਾ ਬੋਲਾਂ ਨੇ ਖੁਲਾਇਆ ਸੀ।ਸੁਜਾਤਾ ਦੀ ਗਊ ਸੂਣ ਵਾਲੀ ਸੀ। ਬਾਬਾ ਸਿਧਾਰਥ ਬੋਹੜ ਥੱਲੇ ਤਪ ਕਰ ਰਿਹਾ ਸੀ। ਸੁਜਾਤਾ ਨੇ ਸੁਖਨਾ ਸੁਖੀ ਕਿ ਸੁੱਚੇ ਦੁੱਧ ਦੀ ਖੀਰ ਬਣਾ ਕੇ ਤਪਸਵੀ ਬਾਬਾ ਨੂੰ ਭੇਂਟ ਕਰਾਂਗੀ। ਸੁਖਨਾ ਸਫਲ ਹੋਈ ਸੁਜਾਤਾ ਖੀਰ ਲੈ ਕੇ ਆਈ-ਖਾਉ ਬਾਬਾ! ਬਾਬਾ ਨੇ ਕਿਹਾ-ਅਸੀਂ ਨਿਰਾਹਾਰ ਵਰਤ ਧਾਰਿਆ ਹੈ। ਭੋਲੀ ਬਾਲੀ ਨੇ ਪੁੱਛਿਆ-ਕਿਸ ਲਈ? ਮਹਾਤਮਾ ਨੇ ਉਤਰ ਦਿੱਤਾ-ਆਤਮਾ ਦੇ ਗਿਆਨ ਲਈ। ਭੋਲੀ ਸੁਜਾਤਾ ਨੇ ਕਿਹਾ-ਬਾਬਾ, ਕੁਝ ਖਾਉਗੇ ਨਹੀਂ ਤਾਂ ਭੁੱਖ ਨਾਲ ਮਰ ਜਾਉਗੇ। ਫਿਰ ਆਤਮ ਗਿਆਨ ਕਿਸ ਨੂੰ ਹੋਏਗਾ? ਤੀਰ ਨਿਸ਼ਾਨੇ ਤੇ ਲੱਗਾ।ਸਰੀਰ ਦਾ ਮਹੱਤਵ ਤੇ ਰੱਖਿਆ ਦਾ ਮੰਤਰ ਮਿਲ ਗਿਆ।ਹੁਣ ਸਿਧਾਰਥ ਨੂੰ ਬੋਧ ਪ੍ਰਾਪਤ ਕਰਨ ਦਾ ਰਾਜ ਮਾਰਗ ਮਿਲ ਗਿਆ ਸੀ।

ਮਹਾਤਮਾ ਬੁੱਧ ਆਪਣੀ ਸਾਧਨਾ ਵਿਚ ਬੈਠੇ ਸਨ। ਇਕ ਸ਼ਾਮ ਇਕ ਨਾਚੀ ਝਾਂਝਰਾਂ ਦੀ ਛਨ-ਛਨ ਵਿਚ ਆਪਣੇ ਸਾਜੀ ਨਾਲ ਗੱਲ ਕਰ ਰਹੀ ਸੀ। ਸਾਜੀ ਵੀਣਾ ਦੇ ਤਾਰ ਇੰਨੇ ਕੱਸ ਕੇ ਨਾ ਰੱਖਿਆ ਕਰ ਝਾਂਝਰਾਂ ਦੀ ਤਾਲ ਪੂਰੀ ਕਰਨ ਵਿਚ ਜਿਸਮ ਟੁੱਟ ਜਾਏ। ਅੱਜ ਤੂੰ ਤਾਰ ਚਿੱਲੇ ਰੱਖੇ ਸੀ ਤੇ ਨਾਚ ਵਿਚ ਕੋਈ ਸੁੱਖ ਸੁਆਦ ਪੈਦਾ ਨਹੀਂ ਹੋਇਆ। ਮਹਾਤਮਾ ਨੇ ਉਸ ਨਾਚੀ ਨੂੰ ਰੋਕਿਆ ਤੇ ਕਿਹਾ-ਸੁੰਦਰੀ ਹੁਣ ਹੁਣ ਜੋ ਕੁਝ ਸਾਥੀ ਸਾਜੀ ਨੂੰ ਕਿਹਾ ਹੈ ਦੁਬਾਰਾ ਦਸ। ਨਾਚੀ ਨੇ ਸੰਕੋਚ ਰਹਿਤ ਆਪਣਾ ਅਨੁਭਵ-ਆਦੇਸ਼ ਦੁਹਰਾ ਦਿੱਤਾ। ਮਹਾਤਮਾ ਬੁੱਧ ਨੇ ਨਿਸ਼ਚਾ ਕੀਤਾ ਕਿ ਸਰੀਰ ਨੂੰ ਇਹਨਾਂ ਵੀ ਤਪਾਨਾ ਨਹੀਂ ਚਾਹੀਦਾ ਕਿ ਸੁਖ ਸੁਆਦ ਪ੍ਰਾਪਤ ਕਰਦੇ ਹੋਏ ਕਸ਼ਟ ਹੀ ਚੇਤੇ ਰਹਿਣ। ਲੋੜ ਜੋਗਾ ਆਹਾਰ ਲੈਣਾ ਜ਼ਰੂਰੀ ਹੈ ਪਰ ਜ਼ਿਆਦਾ ਆਹਰ ਜਾਂ ਸੁਬਤੀ ਵੀ ਸਾਧਨਾ ਨੂੰ ਸਫਲ ਨਹੀਂ ਹੋਣ ਦੇਂਦੀ।ਜੀਵਨ ਤੇ ਸਾਧਨਾ ਨਾਲ ਪ੍ਰਾਣ ਸੰਗੀਤ ਅਤੇ ਆਤਮ ਗਿਆਨ ਸੰਗੀਤ ਦਾ ਰਿਸ਼ਤਾ ਇਸ ਪ੍ਰਸੰਗ ਨਾਲ ਸਮਝਿਆ ਜਾ ਸਕਦਾ ਹੈ। ਭਗਵਤ ਗੀਤਾ ਦੀ ਇਸ ਵਿਸ਼ੇ ਤੇ ਅਜਿਹਾ ਸੰਤੁਲਨ ਦਸਦੀ ਹੈ।

ਪ੍ਰਾਣ ਸੰਗੀਤ ਦੇ ਸੁਰੀਲੇਪਨ ਵਿਚ ਹੀ ਜੀਵਨ ਦੇ ਸਾਰੇ ਕਰਮ-ਧਰਮ ਸਫਲਤਾ ਦਾ ਪੈਮਾਨਾ ਨਾਪਦੇ ਹਨ। ਸੰਗੀਤ ਨਾਦ ਜਾਂ ਸੁਰਬੱਧ ਧੁਨੀ ਦਾ ਵਿਸਥਾਰ ਹੈ। ਸੰਗੀਤ ਦੀ ਆਪਣੀ ਮਰਯਾਦਾ ਹੈ ਤੇ ਸਾਧਨਾ ਰੱਤ ਸਿੱਖ ਦੀ ਮਰਯਾਦਾ ਵੀ ਨਿਸਚਿਤ ਰੱਖੀ ਗਈ ਹੈ।ਗੁਰੂ ਹੁਕਮ ਵਿਚ ਗੁਰਸਿੱਖ ਗੁਰਦੁਆਰੇ ਜਾ ਕੇ ਮਰਯਾਦਿਤ ਸੰਗੀਤ (ਕੀਰਤਨ) ਸ਼੍ਰਵਣ ਕਰਦਾ ਹੋਇਆ ਪ੍ਰਾਣ ਸੰਗੀਤ ਨੂੰ ਕੀਰਤਨ ਨਾਲ ਲੈਅ ਬੱਧ ਕਰ ਲਏ ਤਾਂ ਉਹ ਦੇਹਾਤੀਤ ਪ੍ਰਕਾਸ਼ ਮੰਡਲ ਵਿਚ ਪੁੱਜ ਸਕਦਾ ਹੈ।ਗੁਰਮਤਿ ਸੰਗੀਤ ਵਿਚ ਸ਼ਬਦ (ਅੱਖਰ ਵਿਸਥਾਰ) ਦੇ ਰੂਪ ਵਿਚ ਰੂਹਾਨੀ ਗਿਆਨ ਦਾ ਗਾਇਨ ਕਰਕੇ ਹੀ ਇਸ ਨੂੰ ਕੀਰਤਨ ਦਾ ਦਰਜਾ ਦਿੱਤਾ ਜਾਂਦਾ ਹੈ। ਸ਼ਬਦ ਬਾਣੀ ਦਾ ਉਦਗਮ ਸ੍ਰੋਤ ਉਹ ਪ੍ਰਕਾਸ਼ ਮੰਡਲ ਹੈ ਜਿਸਨੂੰ ਪਰਾਮੰਡਲ ਵੀ ਕਹਿੰਦੇ ਹਨ। ਪਰਾਮੰਡਲ ਦੀ ਬਾਣੀ ਬੇਸ਼ਕ ਅੱਖਰ ਰਹਿਤ ਰਾਮ-ਨਾਦ-ਧੁਨਿਕਾਰ ਹੈ ਇਹ ਆਤਮ ਅਨੁਭਵ ਹੀ, ਬੈਖਰੀ ਅੰਮ੍ਰਿਤ ਧਾਮ ਬਣ ਕੇ, ਗੁਰਬਾਣੀ ਸਰੂਪ ਲੈਂਦਾ ਹੈ। ਗੁਰਬਾਣੀ ਤੇ ਸੰਗੀਤ ਦਾ ਸਫਲ ਸੰਜੋਗ ਸ਼ਬਦ (ਬਾਣੀ) ਤੇ ਨਾਦ (ਸੰਗੀਤ) ਦਾ ਅਨਾਹਦ ਨਾਦ ਬਣ ਜਾਂਦਾ ਹੈ। ਰਾਗਬੱਧ ਗੁਰਬਾਣੀ ਰੂਪੀ ਸ਼ਬਦ ਗੁਰੂ ਦੀ ਸ਼ਕਤੀ ਦਾ ਆਤਮ ਅਨੁਭਵ ਲੈਣ ਲਈ ਸ਼ਬਦ ਵਿਸ਼ੇਸ਼ ਨੂੰ ਉਸਦੇ ਨਿਸ਼ਚਿਤ ਰਾਗ ਤੇ ਰਾਗ ਦੀ ਸਮਾਂ-ਮਰਯਾਦਾ ਵਿਚ ਗਾਉਣ ਵਿਚ ਸਫਲਤਾ ਦਾ ਪ੍ਰਮਾਣ ਵਿਲੱਖਣ ਨਿਜੀ ਅਨੁਭਵ ਹੋ ਨਿਬੜਦਾ ਹੈ। ਸੋਦਰੁ ਦੀ ਬਾਣੀ ਧਰਤੀ ਤੋਂ ਸਚਖੰਡ ਤਕ ਕੀਰਤਨ ਦੇ ਵਿਸਥਾਰ ਨਾਲ ਸਚਿਦਾਨੰਦ ਦੀ ਉਪਮਾ ਗਾਉਂਦੀ ਹੈ।

ਗਾਵਹੁ ਗੀਤ ਨ ਬਿਰਹੜਾ ਨਾਨਕ ਬ੍ਰਹਮ ਵੀਚਾਰੋ।581।
ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭ ਹੂੰ।529)
ਗਾਵਤ ਗਾਵਤ ਹਰਿ ਗੁਨ ਗਾਏ ਗੁਨ ਗਾਵਤ ਗੁਰਿ ਨਿਸਤਾਰੇ।981।

162-ਏ, ਗ੍ਰੇਨ ਮਾਰਕੀਟ, ਮਧਿਆ ਮਾਰਗ,
ਚੰਡੀਗੜ੍ਹ-160079
ਮੋਬਾਇਲ : 9417143360

# ਭਾਈ ਚਾਂਦ - ਇਕ ਸ਼ਰਧਾਂਜਲੀ

## ਤ੍ਰਿਲੋਕ ਚੰਦ ਨਾਗਪਾਲ

ਐ ਚਾਂਦ! ਭਾਈ ਚਾਂਦ!! ਤੇਰੀ ਰੌਸ਼ਨੀ ਕਿਆ ਅਜਬ ਥੀ?
ਕੋਇਲ ਭੀ ਸ਼ਰਮਿੰਦਾ ਥੀ, ਗਲੂਕਾਰੀ ਤੇਰੀ ਤੋ ਗਜ਼ਬ ਥੀ।
ਅਭੀ ਤੋਂ ਸੁਨਾ ਹੀ ਨਹੀਂ ਥਾ ਹਮਨੇ ਤੁਮਹੇ ਮੁਕੰਮਲ ਜੀ ਭਰਕੇ।
ਉਫ! ਚਲ ਦੀਏ ਬੇਵਕਤ ਆਪ, ਹਮੇਂ ਯੂੰ ਬੇਸਕੂੰ ਕਰ ਕੇ
ਜੋ ਗਾਇਆ ਆਪਨੇ ਏਕ ਅਜਬ ਨਾ ਨਜ਼ੀਰ ਗਾਇਆ ਥਾ
ਮਾਲੂਮ ਨਹੀਂ ਯੇ ਖਸੂਸੀ, ਲਬੋ ਲਹਿਜ, ਤੂਨੇ ਕਹਾਂ ਸੇ ਪਾਇਆ ਥਾ
ਖਲਾ ਪੁਰ ਨਹੀਂ ਹੁਆ ਤਾਹਮ ਜੋ ਤੁਮ ਨੇ ਕਰ ਦੀਆ ਯੂੰ ਪੈਦਾ।
ਗਰ ਹੋਨਾ ਥਾ ਰੁਖਸਤ ਆਪਨੇ, ਤੋ ਕਿਉਂ ਕਰ ਦੀਆ ਹਮੇਂ ਯੂੰ ਸ਼ੈਦਾ?
ਮੌਸੀਕਾਰ,ਖਤੀਰ, ਥੇ ਔਰ ਭੀ, ਉਸ ਵਕਤ ਮੇਂ, ਉਸ ਦੌਰ ਮੇਂ।
ਮਗਰ ਤੇਰਾ ਅੰਦਾਜ਼ੇ ਬਿਆਂ, ਕਿਆ ਗਜ਼ਬ ਥਾ, ਵੋਹ ਢੂੰਡੇਂ ਅਬ ਕਿਸ ਗੌਰ ਮੇਂ
ਐ ਚਾਂਦ ਭਾਈ ਚਾਂਦ ਤੇਰੀ ਰੌਸ਼ਨੀ ਕਿਆ...
ਰੋਜ਼ੇ ਅਜ਼ਲ ਸੇ ਤੇਰੀ ਕੁੰਡਲੀ ਮੇਂ ਯੂੰ ਐਸਾ ਕੁਛ ਦਰਜ ਥਾ
ਜਾਂ ਤੋੜ ਕਰ ਗਾਨਾ ਬਜਾਨਾ, ਗੋਯਾ ਤੇਰਾ ਹੀ ਯੇਹ ਫਰਜ਼ ਥਾ।
ਪਸੀਨਾ ਟਪਕਤਾ ਥਾ ਤੇਰੀ ਪੇਸ਼ਾਨੀ ਸੇ, ਚੰਦ ਮਿੰਟ ਕੀ ਫਨਕਾਰੀ ਸੇ।
ਖ਼ਵਾਹ ਮੌਸਮ ਬਦੀਦ ਦਰਦ ਤੋਂ ਆਸਮਾਂ ਦੀ ਬਰਫ਼ ਬਾਰੀ ਸੇ।
ਮਹਿਜ਼ ਫ਼ਨ ਕੀ ਲਾਜ ਰਖਨੇ ਕੋ, ਤੂੰ ਨੇ ਕਰਦੀ ਜਾਂ ਹਲਾਲ
ਕਭੀ ਰੂਖਾ, ਫੀਕਾ ਗਾਇਆ ਹੋ, ਯੇ ਉਠਤਾ ਹੀ ਨਹੀਂ ਸਵਾਲ।
ਟੂਟੀ ਫੂਟੀ ਗਲੂਕਾਰੀ ਗੋਯਾ ਤੇਰਾ ਲਈ ਕਸਮ ਥੀ।
ਆਬਰੂ-ਏ-ਫਨ ਬਚਾਨਾ ਤੋਂ ਤੇਰੀ ਖਾਨਦਾਨੀ ਰਸਮ ਥੀ।
ਐ ਚਾਂਦ ਭਾਈ ਚਾਂਦ ਤੇਰੀ ਰੌਸ਼ਨੀ ਕਿਆ...
ਇਕ ਨਜ਼ਰ ਮੇਂ ਤੂੰ ਭਾਂਪ ਜਾਤਾ ਮੌਕੇ ਔਰ ਮਾਹੌਲ ਕੋ।
ਉਸ ਰਾਗ ਔਰ ਤਰਜ਼ ਮੇਂ ਤੂੰ ਗਾਤਾ ਦੀਨੀ ਕੌਲ ਕੋ।
ਬੇ ਵਕਤ ਕਾ ਮੌਜ਼ੂੰਅ ਵ ਮੌਸੀਕੀ, ਤੂੰ ਹਰਗਿਜ਼ ਕਭੀ ਨਾ ਗਾਤਾ ਥਾ।
ਸਾਮੇਂਅ ਲਾਖ ਕਰੇ ਫਰਮਾਇਸ਼, ਤੂੰ ਫਨ ਕੋ ਲਾਜ ਨਾ ਲਾਤਾ ਥਾ।
ਤੇਰੇ ਜ਼ਿਹਨ ਮੇਂ ਕੌਲੇ ਦੀਨ ਕਾ ਏਕ ਬਹੁਤ ਬੜਾ ਖ਼ਜੀਨਾ ਥਾ।
ਤਲਫੱਜ਼ ਭੀ ਤੇਰਾ ਸਾਫ ਥਾ ਸੁਰ ਤਾਲ ਕਾ ਤੂਜੇ ਕਰੀਨਾ ਥਾ
ਤੂ ਗਿਰਹਾ ਪੇ ਗਿਰਹਾ ਲਗਾਤਾ ਥਾ, ਫਿਰ ਮੌਜ਼ੂੰਆ ਪੇ ਵਾਪਸ ਆਤਾ ਥਾ।
ਉਸਤਾਦਾਨਾ ਰੰਗ ਦਿਖਾ ਕੇ ਤਹਿਸੀਨੋ ਦਾਦ ਤੂੰ ਪਾਤਾ ਥਾ।
ਦਾਇਮੀ ਹਮਰਾਹ ਦੀਨੀ ਕਲਾਤ ਤੂੰ ਨੇ ਕੀਆਂ ਬਜ਼ੋਰ ਪਲਟਾਓ ਤਾਨ।
ਬਮੈਅ ਅਲਾਪ ਅਜ਼ਾਂ ਤੂ ਨੇ ਵਾਅਜ਼ ਕੀ, ਬਸ ਥੀ ਇਸੀ ਮੇਂ ਤੇਰੀ ਸ਼ਾਨ।
ਤੇਰੀ ਫਨਕਾਰੀ ਕਾ ਲਮਹਾ ਲਮਹਾ ਤਿਸ਼ਨਗੀ ਚਾੜ੍ਹਾਤਾ ਥਾ।
ਗਰ ਘੰਟੋਂ ਭੀ ਤੂੰ ਗਾਤਾ ਤੋ ਸਾਮੇਅ ਨਹੀਂ ਉਕਤਾਤਾ ਥਾ।
ਐ ਚਾਂਦ ਭਾਈ ਚਾਂਦ ਤੇਰੀ ਰੌਸ਼ਨੀ ਕਿਆ...
ਸ਼ਾਇਸਤਗੀ ਬੇਹੱਦ ਥੀ ਤੇਰੀ ਤਮਾਮ ਤਰ ਗੋਯਾਈ ਮੇਂ।
ਤੇਰੀ ਜ਼ਬਾਂ ਸੇ ਕਭੀ ਨਾ ਨਿਕਲੀ ਕੋਈ ਬਾਤ ਬੇ ਹਯਾਈ ਮੇਂ।
ਤਸ਼ੈਖੁਸ ਭੀ ਤੇਰਾ ਖੂਬ ਥਾ, ਲਿਬਾਸ ਮੇਂ ਨਫ਼ਾਸਤ ਥੀ।

ਹਲੀਮੀ ਅਦਬ ਰਵਾਦਾਰੀ ਥੀ ਕੁਛ, ਯੇਹੀ ਤੇਰੀ ਵਿਰਾਸਤ ਥੀ।
ਆਫ਼ਰੀਨ ਤੇਰੀ ਮਾਂ ਕੋ ਆਫ਼ਰੀਨ ਤੇਰੇ ਬਾਪ ਕੋ।
ਮੇਰਾ ਫਰਸ਼ੀ ਸਲਾਮ ਉਨ ਕੋ, ਜਿਹਨੋਂ ਨੇ ਜਨਮ ਦੀਆ ਆਪ ਕੋ।
ਜਬ ਮੁਸੱਰਤ ਇਤਨੀ ਦੀ ਤੂਨੇ ਹਮ ਕੋ, ਕਿਉਂ ਤੁਮ ਪੇ ਫਿਦਾ ਮੈਂ ਨਾ ਹੂਆ?
ਯੇਹ ਬਖ਼ੀਲੀ ਸ਼ਿੱਦਤ ਕੀ ਹੂਈ ਹਮ ਸੇ, ਕਿ ਹੱਕ ਅਦਾ ਨਾ ਹੂਆ
ਐ ਚਾਂਦ ਭਾਈ ਚਾਂਦ ਤੇਰੀ ਰੌਸ਼ਨੀ ਕਿਆ ਅਜਬ ਥੀ?
ਕੋਇਲ ਭੀ ਸ਼ਰਮਿੰਦਾ ਥੀ ਗਲੂਕਾਰੀ ਤੇਰੀ ਗਜਬ ਥੀ।
ਤੇਰੇ ਮੁਰਸ਼ਦ ਥੇ ਭਾਈ ਲਾਲ ਜੋ, ਵੋਹ ਉਸਤਾਦੋਂ ਕੇ ਉਸਤਾਦ ਥੇ।
ਸਭ ਮਾਨਤੇ ਥੇ ਲੋਹਾ ਉਨ ਕਾ, ਖਵਾਹ ਸ਼ਾਗਿਰਦ ਥੇ, ਉਸਤਾਦ ਥੇ
ਗੋ ਫ਼ਖਰੇ ਪੰਜਾਬ ਲਕਬ ਥਾ ਤਾਹਮ, ਤਬਾ ਕੇ ਬਹੁਤ ਹਲੀਮ ਥੇ।
ਥੀ ਜ਼ਿੰਦਗੀ ਮੇ ਸਾਦਗੀ, ਇਲਖਾਕ ਮੇਂ ਹੁਸੀਂ ਥੇ।
ਤੇਰੀ ਮਰਗ ਕੀ ਅਵੱਲ ਆਗਾਹੀ, ਉਨਹੋਂ ਨੇ ਮੁਝੇ ਤਹਿਰੀਰ ਕੀ।
ਯੇਹ ਬੰਦਾ ਨਵਾਜ਼ੀ ਥੀ ਉਨ ਕੀ, ਕਿਆ ਕੀਮਤ ਥੀ ਨਾਚੀਜ਼ ਕੀ?
ਬੇ ਤੁਅਸੁਬ ਥੇ ਖਲੂਸੇ ਦਿਲ ਸੇ ਵੋਹ, ਇਲਮ ਦੋਸਤੋਂ ਕੇ ਯਾਰ ਥੇ।
ਪੰਡਿਤ ਭਾਸਕਰ ਕੋ ਮੁਰਸ਼ਦ ਮਾਨਾ, ਵੋਹ ਹੱਕ ਕੇ ਪੈਰੋਕਾਰ ਥੇ।
ਕੂਚ ਕਰ ਗਏ ਯੂੰ ਆਪ ਇਤਨੀ ਇਜ਼ਲਤ ਮੇਂ,
ਕਿਆ ਹਮਨੇ ਯਹਾਂ ਕਾਇਮ ਰਹਿਣਾ ਥਾ?
ਚੰਦ ਰੋਜ਼ ਕੀ ਯੇਹ ਮਹਿਫਲ ਥੀ, ਕੁਛ ਸੁਣਨਾ ਥਾ ਕੁਛ ਕਹਿਣਾ ਥਾ।
ਸਾਦਾ ਸਿੰਪਲ ਗਾਇਕੀ ਤੋ ਤੂੰ ਕਭੀ ਭੀ ਨਹੀਂ ਗਾਤਾ ਥਾ।
ਗਲੇ ਕੀ ਕੋਈ ਹਰਕਤ ਸੇ ਤੂੰ ਕਲਾਮ ਕੋ ਖੂਬ ਘੁਮਾਤਾ ਥਾ।
ਫ਼ਲਕ ਸ਼ਗਾਫ ਆਵਾਜ਼ ਥੀ ਤੇਰੀ ਤੂੰ ਤਬਲੇ ਕਾ ਭੀ ਮਾਹਿਰ ਥਾ।
ਏਹ ਕਹਿਨੇ ਕੀ ਕੋਈ ਬਾਤ ਨਹੀਂ ਤੇਰੇ ਕਾਮ ਸੇ ਸਭ ਕੁਛ ਜ਼ਾਹਿਰ ਥਾ।
ਮੁਕਰਰਾ ਵਰਕਤ ਮੇਂ ਪੂਰਾ ਕਾਮ ਨਿਭਾਨਾ ਹੈ ਤੁਮਕੋ ਹੀ ਬਸ ਆਤਾ ਥਾ।
ਚੰਦ ਮਿੰਟ ਤੁਝੇ ਜੋ ਸੁਨਤਾ ਥਾ, ਉਸ ਪੱਲੇ ਕੁਛ ਪੜ ਜਾਤਾ ਥਾ।
ਅਪਨੀ ਕਾਰਗੁਜ਼ਾਰੀ ਮੇਂ ਤੂੰ ਖੁਦ ਭੀ ਮੁਸੱਰਤ ਲੇਤਾ ਥਾ।
ਗਰ ਜਾਂ ਹਲਾਲ ਤੂੰ ਕਰਤਾ ਥਾ ਲੋਗੋਂ ਕੋ ਕੁਛ ਦੇਤਾ ਥਾ।
ਹਮ ਤੋਂ ਮਹਿਜ਼ ਸਾਦਾ ਸਾਮੇਂਅ, ਆਪ ਅਜਬ ਖੁਸ਼ ਬਯਾਨ ਥੇ।
ਗਰ ਹਮ ਨਿਮਾਜ਼ੀ ਆਮ ਥੇ, ਆਪ ਤੋ ਖਾਸ ਇਮਾਮ ਥੇ।
ਥੀਂ ਬੀਸੋਂ ਖੂਬੀਆਂ ਆਪ ਮੇਂ ਜੋ ਕਿ ਸਭ ਅੱਲ੍ਹਾ ਕੇ ਫ਼ਜ਼ਾਇਲ ਥੇ।
ਨਾ ਥੀ ਤੇਰੇ ਬਸ ਕੀ ਬਾਤ ਏਹ ਪਿਆਰੇ ਤੇ ਜ਼ੁੰਮਾ ਮਹਿਜ ਫ਼ਰਾਇਜ਼ ਥੇ।
ਜਨਤ ਨਸੀਬ ਤੂੰ ਹੂਆ, ਜੰਨਤ-ਨਸੀਬ ਵੋਹ ਹੂਏ।
ਰਹਿ ਗਈ ਅਬ ਯਾਦ ਬਾਕੀ, ਮਹਿਜ਼ ਕਿੱਸਾ ਗੋ ਹੂਏ।
ਆਪ ਤੋਂ ਹੂਏ ਸੁਰਖਰੂ, ਮਰ ਕਰ, ਔਰ ਜੰਨਤ ਨਸੀਬ ਹੋ ਗਏ।
ਇਧਰ ਹਮ ਹੈਂ ਜੋ ਤੇਰੀ ਯਾਦ ਮੇਂ ਬਸ ਦਾਇਮੀ ਮਰੀਜ਼ ਹੋ ਗਏ।

(ਅੰਮ੍ਰਿਤ ਕੀਰਤਨ ਵਿਚੋਂ ਹੀ)


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਸਪਤਕ
## ਰਵਿੰਦਰ ਕੌਰ

ਸਪਤਕ ਦਾ ਭਾਸ਼ਾਈ ਅਰਥ ਹੈ ਸੱਤ। ਸੰਗੀਤ ਵਿਚ ਸੱਤ ਸ਼ੁੱਧ ਅਤੇ ਪੰਜ ਵਿਕਰਿਤ ਸਵਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ ਕਿਉਂਕਿ ਇਸ ਵਿਚ 7 ਸਵਰਾਂ ਦੀ ਪ੍ਰਧਾਨਤਾ ਹੁੰਦੀ ਹੈ, ਇਸ ਲਈ ਇਸਨੂੰ ਸਪਤਕ ਕਹਿੰਦੇ ਹਨ। ਪ੍ਰਸਿੱਧ ਸ਼ਾਸਤਰਕਾਰ Ranadue ਨੇ ਆਪਣੀ "Hindustandi Music" ਵਿਚ ਲਿਖਿਆ ਹੈ "A Musical Scale is a Collection of such artistic steps, leading from fundamental to its aoctave"

ਇਸ ਸਪਤਕ ਤੇ ਸਾਡੇ ਸੰਗੀਤ ਦਾ ਮਹੱਲ ਚਮਕ ਰਿਹਾ ਹੈ। ਭਾਵੇਂ ਸਾਡੇ ਰਾਗਾਂ ਵਿਚ ਤਾਰ ਸਂ ਦਾ ਵੀ ਪ੍ਰਯੋਗ ਹੁੰਦਾ ਹੈ ਪਰ ਜਿਹਾ ਕਿ Ranadue ਨੇ "Hindustani Music" ਵਿਚ ਕਿਹਾ ਹੈ "Octave was a mere repetition of the prime"

Octave ਅਰਥਾਤ ਤਾਰ ਸਂ Prime Note ਅਰਥਾਤ ਮੱਧ ਸ਼ੜਜ ਦੀ ਹੀ repetition ਹੈ। ਇਸ ਤਰ੍ਹਾਂ ਸ਼ੁੱਧ ਸਵਰ 7 ਹੀ ਹਨ ਜਿਸਨੂੰ "Major Tone" ਦਾ ਨਾਮ ਦਿੱਤਾ ਜਾਂਦਾ ਹੈ।

ਸੰਗੀਤ ਵਿਚ ਮੱਧ ਸ ਤੋਂ ਤਾਰ ਸਂ ਦੇ ਵਿਚ 6 ਸਵਰ ਹੁੰਦੇ ਹਨ। ਵਿਚਕਾਰਲੇ 6 ਸਵਰਾਂ ਦੇ ਨਾਲ ਪਹਿਲਾ ਸਵਰ ਜੋੜ ਦੇਣ ਨਾਲ ਸੱਤ ਸਵਰਾਂ ਦਾ ਇਕ ਸਪਤਕ ਬਣਦਾ ਹੈ। ਪੱਛਮੀ ਸੰਗੀਤ ਦੇ ਇਹਨਾਂ 7 ਸਵਰਾਂ ਦੇ ਅਖੀਰ ਵਿਚ ਇਕ ਹੋਰ ਸਵਰ (ਸਂ) ਮਿਲਾ ਕੇ ਅਸ਼ਟਕ ਜਾਂ Octave ਮੰਨਦੇ ਹਨ। ਭਾਰਤੀ ਸੰਗੀਤ ਵਿਚ ਇਸਨੂੰ ਸ ਰੇ ਗ ਮ ਪ ਧ ਨੀ ਅਤੇ ਪੱਛਮੀ ਸੰਗੀਤ ਵਾਲੇ c, d, e, f, g, a, b, c (ਤਾਰਸਂ) ਕਹਿੰਦੇ ਹਨ। Soffa ਪੱਧਤੀ ਵਾਲੇ Do, Re, Me, Fa, Sol, La, Se (ਤਾਰ ਸਂ) ਕਹਿੰਦੇ ਹਨ।

ਮਨੁੱਖੀ ਆਵਾਜ਼ ਸਪਤਕ ਤੋਂ ਕਾਫੀ ਉੱਚੀ ਜਾਂ ਨੀਵੀਂ ਵੀ ਹੁੰਦੀ ਹੈ। ਇਸ ਲਈ 3 ਸਪਤਕ ਮੰਦਰ, ਮੱਧ, ਤਾਰ ਮੰਨੇ ਜਾਂਦੇ ਹਨ। ਪ੍ਰੰਤੂ ਸਪਤਕ ਇਕਦਮ ਹੀ ਹੋਂਦ ਵਿਚ ਨਹੀਂ ਆ ਗਿਆ ਸਗੋਂ ਇਸਨੂੰ ਆਪਣੀ ਅਮਲੀ ਸ਼ਕਲ ਧਾਰਨ ਕਰਨ ਲਈ ਕਈ ਸਦੀਆਂ ਲੱਗ ਗਈਆਂ। ਸੱਤ ਸਵਰਾਂ ਦੀ ਉਤਪਤੀ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ।

ਕਈਆਂ ਦਾ ਵਿਚਾਰ ਹੈ ਕਿ ਕੋਹਕਾਫ਼ ਪਰਬਤ ਤੇ ਇਕ ਪੰਛੀ ਰਹਿੰਦਾ ਸੀ। ਉਸ ਦੀ ਚੁੰਝ ਵਿਚ 7 ਛੇਕ ਹੁੰਦੇ ਸਨ। ਜਦੋਂ ਉਹ ਬੋਲਦਾ ਸੀ ਤਾਂ ਹਵਾ ਦੁਆਰਾ ਉਹਨਾਂ 7 ਛੇਕਾਂ ਵਿਚੋਂ 7 ਪ੍ਰਕਾਰ ਦੀਆਂ ਆਵਾਜ਼ਾਂ ਨਿਕਲਦੀਆਂ ਸਨ ਜੋ ਸੰਗੀਤ ਵਿਚ 7 ਸਵਰਾਂ ਦੇ ਰੂਪ ਵਿਚ ਪ੍ਰਯੋਗ ਹੋਈਆਂ।

ਪੰ. ਦਮੋਦਰ ਅਨੁਸਾਰ ਸਵਰਾਂ ਦੀ ਉਤਪਤੀ ਜਾਨਵਰਾਂ ਤੋਂ ਹੋਈ। ਜਿਵੇਂ ਮੋਰ ਤੋਂ ਸ਼ੜਜ, ਚਾਤ੍ਰਿਕ ਤੋਂ ਰਿਸ਼ਭ, ਬੱਕਰੇ ਤੋਂ ਗੰਧਾਰ, ਕਾਂ ਤੋਂ ਮਾਧਿਅਮ, ਕੋਇਲ ਤੋਂ ਪੰਚਮ, ਮੇਂਡਕ ਤੋਂ ਧੈਵਤ ਅਤੇ ਹਾਥੀ ਤੋਂ ਨਿਸ਼ਾਦ ਦੀ ਉਤਪਤੀ ਹੋਈ।

ਇਹ ਪ੍ਰਚਲਤ ਦੰਦ ਕਥਾਵਾਂ ਹਨ ਪਰ ਅਸਲ ਵਿਚ ਸੰਗੀਤ ਵਿਦਵਾਨਾਂ ਅਨੁਸਾਰ ਸਵਰਾਂ ਦੀ ਉਤਪਤੀ ਹੋਰ ਹੀ ਤਰ੍ਹਾਂ ਹੋਈ।

### 1. ਵੈਦਿਕ ਕਾਲ :

ਅਸਲ ਵਿਚ ਸਵਰਾਂ ਦਾ ਇਤਿਹਾਸ ਵੈਦਿਕ ਕਾਲ ਤੋਂ ਮੰਨਿਆ ਜਾਂਦਾ ਹੈ। ਕਿਉਂਕਿ ਸੰਗੀਤ ਦੇ ਹਰ ਪੱਖ ਦਾ ਮੂਲ ਸਰੋਤ ਵੈਦਿਕ ਸਾਹਿਤ ਹੀ ਮੰਨਿਆ ਜਾਂਦਾ ਹੈ। ਸਭ ਤੋਂ ਪਹਿਲਾਂ ਰਿਗਵੇਦ ਦੀਆਂ ਰਚਨਾਵਾਂ ਤੋਂ ਪਤਾ ਚਲਦਾ ਹੈ ਕਿ ਉਸ ਸਮੇਂ ਇਕ ਹੀ ਸਵਰ ਦਾ ਗਾਇਨ ਭਿੰਨ-ਭਿੰਨ ਮਾਤਰਾਵਾਂ ਦੁਆਰਾ ਬੜੇ ਦਿਲਖਿੱਚਵੇਂ ਢੰਗ ਨਾਲ ਹੁੰਦਾ ਸੀ। ਇਹ ਮਾਤਰਾਵਾਂ 3 ਪ੍ਰਕਾਰ ਦੀਆਂ ਸਨ੍ਹਗਵ, ਦੀਰਘ, ਪਲੁੱਤ। ਇਸ ਇਕ ਸਵਰ ਵਾਲੇ ਗਾਇਨ ਨੂੰ ਆਰਚਿਕ ਗਾਇਨ ਕਿਹਾ ਜਾਂਦਾ ਸੀ। ਕੁਝ ਦੇਰ ਬਾਅਦ ਰਿਗਵੇਦ ਦੀਆਂ ਰਚਨਾਵਾਂ ਦਾ ਗਾਇਨ ਦੋ ਸਵਰਾਂ ਤੋਂ ਹੋਣ ਲੱਗਾ। ਇਸਨੂੰ ਗਾਥਿਕ ਕਹਿੰਦੇ ਹਨ। ਹੌਲੀ-ਹੌਲੀ ਸਵਰਾਂ ਦੀ ਗਿਣਤੀ 3 ਹੋ ਗਈ। ਯਜੁਰਵੇਦ ਵਿਚ 3 ਪ੍ਰਕਾਰ ਦੇ ਸਵਰਾਂ ਵਾਲੇ ਗਾਇਨ ਦਾ ਜ਼ਿਕਰ ਮਿਲਦਾ ਹੈ। ਇਸਨੂੰ ਸਾਮਿਕ ਕਿਹਾ ਜਾਂਦਾ ਹੈ।

ਇਹ 3 ਪ੍ਰਕਾਰ ਦੇ ਸਵਰ ਉਦਾਤ, ਅਨੁਦਾਤ ਅਤੇ ਸਵਰਿਤ ਸਨ। ਵੈਦਿਕ ਕਾਲ ਵਿਚ ਇਹ ਤਿੰਨੋਂ ਸਵਰ ਹੋਂਦ

ਵਿਚ ਆ ਚੁੱਕੇ ਸਨ। ਉਚੇ ਸਵਰ ਨੂੰ ਉਦਾਤ, ਨੀਵੇਂ ਨੂੰ ਅਨੁਵਾਤ ਅਤੇ ਸਵਰਿਤ ਨੂੰ ਦੋਹਾਂ ਦੇ ਵਿਚਕਾਰ ਦਾ ਸਵਰ ਮੰਨਦੇ ਸਨ। ਅਸਲ ਵਿਚ ਸਵਰਿਤ ਦਾ ਅਰਥ ਹੈ ਆਧਾਰ ਸਵਰ। ਕੁਝ ਸਮੇਂ ਤੋਂ ਵੈਦਿਕ ਕਾਲ ਵਿਚ ਇਕ ਹੋਰ ਸਵਰ ਹੋਂਦ ਵਿਚ ਆਇਆ, ਜਿਸਨੂੰ ਚਤਰਥ ਸਵਰ ਦੇ ਨਾਂ ਨਾਲ ਪੁਕਾਰਿਆ ਗਿਆ। ਇਹ ਸਵਰ ਗੰਧਾਰ ਤੋਂ ਉਚਾ ਅਤੇ ਮਧਿਅਮ ਤੋਂ ਨੀਵਾਂ ਸੀ। ਪੂਰਵ ਵੈਦਿਕ ਕਾਲ ਵਿਚ ਸਾਮ ਗਾਇਨ ਚਾਰ ਸਵਰਾਂ ਤੇ ਹੀ ਆਧਾਰਤ ਸੀ। ਇਹਨਾਂ ਚਾਰ ਸਵਰਾਂ ਬਾਰੇ ਲਲਿਤ ਕਿਸ਼ੋਰ ਸਿੰਘ ਨੇ ਧਵਨੀ ਅਤੇ ਸੰਗੀਤ ਵਿਚ ਲਿਖਿਆ ਹੈ ਕਿ ਸਾਮਵਿਕ ਦੇ ਸਵਰ ਤਾਰ ਸਪਤਕ ਦੇ ਗਂ ਰੇਂ ਸਂ ਹੁੰਦੇ ਸਨ। ਗੰਧਾਰ ਕਦੇ ਕਦੇ ਕਣ ਰੂਪ ਵਿਚ ਮਾਧਿਅਮ ਨੂੰ ਲੈ ਕੇ ਚਲਦਾ ਹੈ ਅਤੇ ਫਿਰ ਇਹ ਕਣ ਰੂਪ ਮਾਧਿਅਮ ਧੁਨੀ ਰੂਪ ਨਾਲ ਪ੍ਰਯੋਗ ਹੋਣ ਲੱਗਾ ਤੇ ਸਵਰਾਂ ਦੀ ਸੰਖਿਆ 3 ਤੋਂ 4 ਹੋ ਗਈ। ਇਸ 4 ਸਵਰਾਂ ਵਾਲੇ ਮਂ ਸਂ ਰੇਂ ਸਂ ਵਾਲੇ ਚਤੁ ਸਵਰਾਂ ਦਾ ਗਾਇਨ ਨਾਮ ਸਵਰ ਯੰਤਰ ਪਿਆ।

ਉਤਰ ਵੈਦਿਕ ਕਾਲ ਤਕ 7 ਸਵਰ ਹੋਂਦ ਵਿਚ ਆਏ। ਆਚਾਰਯ ਬ੍ਰਹਸਪਤੀ ਅਨੁਸਾਰ ਵੈਦਿਕ ਕਾਲ ਦੇ 4 ਸਵਰ ਮ ਗ ਰੇ ਸ ਤੋਂ 7 ਸਵਰਾਂ ਦੀ ਉਤਪਤੀ ਹੋਈ। ਵੈਦਿਕ ਕਾਲ ਦੇ ਪਹਿਲੇ ਅਤੇ ਚੌਥੇ (ਮ, ਸ) ਵਿਚ ਸੰਵਾਦ ਸੀ। ਜੇਕਰ ਪਹਿਲੇ ਨੂੰ ਆਧਾਰ ਮੰਨਿਆ ਜਾਵੇ ਤਾਂ ਪਹਿਲੇ ਤੇ ਚੌਥੇ (ਮ, ਸ) ਵਿਚ ਸ਼ੜਜ, ਪੰਚਮ ਸੰਬੰਧ ਸੀ ਅਤੇ ਚੌਥੇ ਨੂੰ ਅਧਾਰ ਮੰਨਣ ਵਾਲਾ ਚੌਥਾ, ਪਹਿਲਾ (ਸ, ਮ) ਵਿਚ ਸ਼ੜਜ, ਮਾਧਿਅਮ ਸੰਬੰਧ ਸੀ। ਪਹਿਲੇ ਸਵਰ ਦੀ ਤਾਰ ਮਿਲਣ ਨਾਲ ਉਸ ਪ੍ਰਧਾਨ ਧੁਨੀ ਤੋਂ ਉਠਦੀ ਹੋਈ ਇਕ ਉਪ ਧੁਨੀ ਸੁਣਾਈ ਦਿੱਤੀ। ਇਸ ਦਾ ਨਾਂ ਧੈਵਤ ਰੱਖਿਆ ਗਿਆ। ਤੀਜੇ ਸਵਰ (ਰੇ) ਨੂੰ ਆਧਾਰ ਮੰਨਣ ਨਾਲ ਆਰੋਹ ਵੱਲ ਧੈਵਤ ਨਾਲ ਸ਼ੜਜਪੰਚਮ ਸੰਵਾਦ ਸੀ। ਆਰੋਹ ਵੱਲ ਰਿਸ਼ਭ ਧੈਵਤ ਦਾ ਗਿਆਨ ਹੋਣਾ ਤੇ ਦੂਜੇ ਸਵਰ ਨਾਲ ਆਰੋਹ ਵੱਲ ਸ਼ੜਜ ਪੰਚਮ ਵਾਲੇ ਨਿਸ਼ਾਦ ਦਾ ਗਿਆਨ ਵੀ ਹੋਇਆ। ਇਸ ਤਰ੍ਹਾਂ ਚੌਥੇ ਸਵਰ ਨਾਲ ਸ਼ੜਜ ਪੰਚਮ ਭਾਵ ਦੁਆਰਾ ਪੰਚਮ ਸਵਰ ਨੂੰ ਪਹਿਲਾਂ ਕਣ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਸੀ ਅਤੇ ਫਿਰ ਇਸਦਾ ਪ੍ਰਯੋਗ ਸੁਤੰਤਰ ਰੂਪ ਵਿਚ ਹੋਣ ਲੱਗਾ। ਇਸ ਤਰ੍ਹਾਂ ਉਤਰ ਵੈਦਿਕ ਕਾਲ ਵਿਚ ਸਾਮ ਗਾਣ ਸਤ ਸਵਰਾਂ ਵਿਚ ਹੋਣ ਲੱਗ ਪਿਆ ਸੀ।

Viney Kumar Aggarwal ਦੇ ਅਨੁਸਾਰ ਪੱਛਮੀ ਸੰਗੀਤ ਵਿਚ ਗਣਿਤਕਾਰ ਪਾਇਥਾਗੋਰਸ ਨੇ 7 ਸਵਰਾਂ ਵਾਲਾ ਸਪਤਕ ਤਿਆਰ ਕੀਤਾ। ਉਸਨੇ Cycle of the fifth ਅਨੁਸਾਰ 7 ਸਵਰਾਂ ਦੀ ਅੰਦੋਲਨ ਸੰਖਿਆ ਗਿਣਤੀ ਕੀਤੀ। ਆਧਾਰ ਸਵਰ ਦੀ ਅੰਦੋਰਨ ਸੰਖਿਆ 240 ਮੰਨ ਕੇ ਉਸਨੂੰ ਪੰਜਵੇ ਸਵਰ ਪੰਚਮ ਦੀ ਅੰਦੋਲਨ ਸੰਖਿਆ ਕੱਢ ਲਈ। ਇਸ ਪ੍ਰਕਾਰ ਮਾਧਿਅਮ ਨੂੰ ਛੱਡ ਕੇ ਸਾਰੇ ਸਵਰਾਂ ਦੀ ਸਥਾਪਨਾ ਕੀਤੀ। ਕਿਉਂਕਿ ਤਾਰ ਸਂ ਨਾਲ ਮਾਧਿਅਮ ਦਾ ਪੰਚਮ ਨਾਲ ਸੰਬੰਧ ਹੈ। ਤਾਰ ਸ਼ੜਜ ਦੀ ਅੰਦੋਲਨ ਸੰਖਿਆ ਜਾਣਦੇ ਹੋਏ ਉਸ ਦੇ ਉਲਟ ਕ੍ਰਮ ਵਿਚ ਮਧਿਅਮ ਦੀ ਪ੍ਰਾਪਤੀ ਕਰ ਲਈ।

